# ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162, +1 (431) 458-6922
ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ



## ਪੀਏਯੂ ਵੱਲੋਂ ਵੱਧ ਮੁਨਾਫੇ ਲਈ ਨਵਾਂ ਦੋ-ਮੰਤਵੀ ਮੱਕੀ ਹਾਈਬ੍ਰਿਡ "ਪੀਐਮਐਚ 17" ਵਿਕਸਿਤ




ਲੁਧਿਆਣਾ 24 ਮਈ : ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਸਾਉਣੀ ਰੁੱਤ ਲਈ ਦਾਣੇ ਅਤੇ ਸਾਈਲੇਜ ਦੋਵਾਂ ਮੰਤਵਾਂ ਲਈ ਨਵਾਂ ਮੱਕੀ ਹਾਈਬ੍ਰਿਡ "ਪੀਐਮਐਚ 17" ਵਿਕਸਿਤ ਕੀਤਾ ਗਿਆ ਹੈ। ਪੀਏਯੂ ਵੱਲੋਂ ਵਿਕਸਿਤ ਇਹ ਪਹਿਲਾ ਸਿੰਗਲ ਕਰਾਸ ਦੋ-ਮੰਤਵੀ ਮੱਕੀ ਹਾਈਬ੍ਰਿਡ ਹੈ, ਜੋ ਪੰਜਾਬ ਵਿੱਚ ਦਾਣਿਆਂ ਦਾ ਵਧੇਰੇ ਝਾੜ ਅਤੇ ਵਧੀਆ ਕੁਆਲਿਟੀ ਦੇ ਸਾਈਲੇਜ ਲਈ ਬਹੁਤ ਉਪਯੋਗੀ ਹੈ।

ਪੀਐਮਐਚ 17 ਇੱਕ ਵੱਧ ਪੈਦਾਵਾਰ ਦੇਣ ਵਾਲਾ ਹਾਈਬ੍ਰਿਡ ਹੈ ਜਿਸਦੇ ਬੂਟੇ ਲੰਬੇ, ਮਜ਼ਬੂਤ ਅਤੇ ਖੜ੍ਹੇ ਚੌੜੇ ਪੱਤਿਆਂ ਵਾਲੇ ਹਨ। ਇਸਦੀਆਂ ਛੱਲੀਆਂ ਲੰਬੀਆਂ ਅਤੇ ਪੀਲੇ-ਸੰਤਰੀ ਦਾਣਿਆਂ ਵਾਲੀਆਂ ਆਕਰਸ਼ਕ ਹੁੰਦੀਆਂ ਹਨ। ਇਹ ਹਾਈਬ੍ਰਿਡ ਲਗਭਗ 96 ਦਿਨਾਂ ਵਿੱਚ ਪੱਕਦਾ ਹੈ ਅਤੇ ਸਿਫ਼ਾਰਸ਼ੀ ਖੇਤੀ ਤਕਨੀਕਾਂ ਅਧੀਨ ਕਰੀਬ 25 ਕੁਇੰਟਲ ਪ੍ਰਤੀ ਏਕੜ ਝਾੜ ਦੇ ਸਕਦਾ ਹੈ। ਇਸਦੇ ਬੂਟਿਆਂ ਵਿੱਚ ਵਧੇਰੇ ਹਰਾ ਚਾਰਾ ਅਤੇ ਚੰਗੀ ਸਾਈਲੇਜ ਗੁਣਵੱਤਾ ਹੋਣ ਕਰਕੇ ਇਹ ਡੇਅਰੀ ਕਿਸਾਨਾਂ ਲਈ ਵੀ ਬਹੁਤ ਲਾਭਕਾਰੀ ਹੈ। ਪੀਐਮਐਚ 17 ਦੇ ਦਾਣਿਆਂ ਵਿੱਚ 65 ਫ਼ੀਸਦੀ ਤੋਂ ਵੱਧ ਸਟਾਰਚ ਹੋਣ ਕਰਕੇ ਇਹ ਹਾਈਬ੍ਰਿਡ ਈਥਾਨੋਲ ਉਦਯੋਗ ਲਈ ਵੀ ਉਚਿਤ ਹੈ।

ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਫ਼ਸਲ ਦੀ ਬਿਜਾਈ ਸੰਭਵ ਹੋਵੇ ਤਾਂ 20 ਜੂਨ ਤੱਕ ਪੂਰੀ ਕਰ ਲਈ ਜਾਵੇ ਤਾਂ ਜੋ ਮਾਨਸੂਨੀ ਬਾਰਸ਼ਾਂ ਅਤੇ ਵੱਧ ਨਮੀ ਦੇ ਨੁਕਸਾਨ ਤੋਂ ਬਚਿਆ ਜਾ ਸਕੇ। ਬਰਸਾਤੀ ਹਾਲਾਤਾਂ ਵਿੱਚ ਚੰਗੀ ਨਿਕਾਸੀ, ਇਕਸਾਰ ਬਿਜਾਈ ਅਤੇ ਵਧੀਆ ਅੰਕੁਰਣ ਲਈ ਨਿਊਮੈਟਿਕ ਪਲਾਂਟਰ ਰਾਹੀਂ ਬੈੱਡਾਂ 'ਤੇ ਬਿਜਾਈ ਕਰਨ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਬੈੱਡਾਂ 'ਤੇ ਬਿਜਾਈ ਕਰਨ ਨਾਲ ਫ਼ਸਲ ਦੇ ਡਿੱਗਣ ਅਤੇ ਪਾਣੀ ਖੜ੍ਹਨ ਨਾਲ ਹੋਣ ਵਾਲੇ ਨੁਕਸਾਨ ਨੂੰ ਵੀ ਘਟਾਇਆ ਜਾ ਸਕਦਾ ਹੈ।

ਇੱਕ ਏਕੜ ਦੀ ਬਿਜਾਈ ਲਈ ਕਰੀਬ 10 ਕਿਲੋ ਬੀਜ ਦੀ ਲੋੜ ਹੁੰਦੀ ਹੈ। ਬੀਜ ₹240 ਪ੍ਰਤੀ ਕਿਲੋ ਦੀ ਦਰ ਨਾਲ 5 ਕਿਲੋ ਅਤੇ 10 ਕਿਲੋ ਪੈਕ ਵਿੱਚ ਪੀਏਯੂ ਲੁਧਿਆਣਾ ਦੇ ਗੇਟ ਨੰਬਰ 1 ਸਥਿਤ ਬੀਜ ਵਿਕਰੀ ਕੇਂਦਰ ਅਤੇ ਸਾਰੇ ਕ੍ਰਿਸ਼ੀ ਵਿਗਿਆਨ ਕੇਂਦਰਾਂ (ਕੇਵੀਕੇਜ਼) 'ਤੇ ਉਪਲਬਧ ਹੈ। ਕਿਸਾਨਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਮੌਜੂਦਾ ਸਾਉਣੀ ਰੁੱਤ ਦੌਰਾਨ ਸਮੇਂ ਸਿਰ ਬੀਜ ਪ੍ਰਾਪਤ ਕਰਕੇ ਇਸ ਹਾਈਬ੍ਰਿਡ ਦੀ ਵੱਧ ਤੋਂ ਵੱਧ ਕਾਸ਼ਤ ਕੀਤੀ ਜਾਵੇ।

ਪੀਐਮਐਚ 17 ਦੀ ਕਾਸ਼ਤ ਨਾਲ ਕਿਸਾਨਾਂ ਨੂੰ ਵੱਧ ਪੈਦਾਵਾਰ ਅਤੇ ਆਮਦਨ ਪ੍ਰਾਪਤ ਹੋਣ ਦੇ ਨਾਲ-ਨਾਲ ਪੰਜਾਬ ਦੇ ਫ਼ਸਲੀ ਵਿਭਿੰਨਤਾ ਪ੍ਰੋਗਰਾਮ ਅਤੇ ਕੁਦਰਤੀ ਸਰੋਤਾਂ ਦੀ ਸੰਭਾਲ ਨੂੰ ਵੀ ਮਜ਼ਬੂਤੀ ਮਿਲੇਗੀ।

## ਪਿੰਡ ਚਹਿਲ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੀ ਬਰਾਂਚ ਦਾ ਪੁਨਰਗਠਨ ਕੀਤਾ ਗਿਆ:- ਕਾਮਰੇਡ ਵੀਰ ਸਿੰਘ ਕੰਮੇਆਣਾ

ਸ਼ਿਵਨਾਥ



ਫ਼ਰੀਦਕੋਟ 24 ਮਈ : ਅੱਜ ਪਿੰਡ ਚਹਿਲ ਵਿਖੇ ਸੀ ਪੀ ਆਈ ਦੀ ਬਰਾਂਚ ਦਾ ਪੁਨਰਗਠਨ ਕੀਤਾ ਗਿਆ। ਇਸ ਬਰਾਂਚ 'ਚ ਪਾਰਟੀ ਮੁਤਾਬਿਕ ਅਹੁਦੇਦਾਰਾਂ ਦੀ ਤੇ ਮੈਬਰ ਸਹਿਬਾਨ ਦੀ ਚੋਣ ਕੀਤੀ । ਜਿਵੇ ਕਿ ਬਰਾਂਚ ਦੇ ਸਕੱਤਰ ਹਰਪ੍ਰੀਤ ਕੌਰ ਜੀ ਨੂੰ ਲਗਾਇਆ ਗਿਆ ਅਤੇ ਇਸੇ ਤਰਾਂ ਬਰਾਂਚ ਦੇ ਦਸ ਮੈਂਬਰਾਂ ਚੋਣ ਕੀਤੀ ਗਈ। ਪ੍ਰੈਸ ਨਾਲ ਗੱਲਬਾਤ ਦੌਰਾਨ ਨਰੇਗਾ ਰੁਜ਼ਗਾਰ ਪ੍ਰਾਪਤ ਮਜਦੂਰ ਯੂਨੀਅਨ ਦੇ ਜਿਲਾਂ ਪ੍ਰਧਾਨ ਕਾਮਰੇਡ ਵੀਰ ਸਿੰਘ ਕੰਮੇਆਣਾ ਜੀ ਨੇ ਦੱਸਿਆ ਕਿ ਅਸੀ ਨਵੀ ਬਰਾਂਚ ਦਾ ਪੁਨਰਗਠਨ ਕੀਤਾ , ਸਾਡੀਆਂ ਬਰਾਂਚਾਂ ਲਗਾਤਾਰ ਫ਼ਰੀਦਕੋਟ ਦੇ ਪਿੰਡਾਂ ਵਿਚ ਬਣਾਈਆਂ ਜਾ ਰਹੀਆਂ, ਅਸੀ ਭਾਰਤੀ ਕਮਿਊਨਿਸਟ ਪਾਰਟੀ ਨੂੰ ਮਜ਼ਬੂਤ ਕਰਨ ਲਈ ਦਿਨ-ਰਾਤ ਇਕ ਕਰ ਰਹੇ ਹਾਂ।

ਇਸ ਸਮੇ ਕੰਮੇਆਣਾ ਜੀ ਨੇ ਸ਼ਰਾਰਤੀ ਅਨਸਰਾਂ ਦੀ ਨਖੇਧੀ ਕਰਦਿਆਂ ਕਿਹਾ ਓਨਾਂ ਸਾਡੀ ਪਾਰਟੀ ਦੇ ਆਗੂ ਸਾਬਕਾ ਐਮ.ਐਲ.ਏ ਕਾਮਰੇਡ ਸ੍ਰੀ ਹਰਦੇਵ ਅਰਸੀ ਦੀ ਗੱਡੀ ਦੀ ਭੰਨਤੋੜ ਤੇ ਅਫਸੋਸ ਪ੍ਰਗਟਾਇਆ ਤੇ ਮਾਨਸਾ ਪੁਲਸ ਪ੍ਰਸ਼ਾਸਨ ਨੂੰ ਛਾਣਬੀਣ ਕਰ ਕੇ ਮੁਲਜਮਾਂ ਨੂੰ ਜੇਲ ਭੇਜਣ ਲਈ ਗੁਹਾਰ ਲਗਾਈ। ਇਸ ਸਬੰਧੀ ਪਾਰਟੀ ਵਰਕਰਾਂ ਵਿਚ ਰੋਸ ਹੈ।

ਅਸੀ 7 ਜੂਨ ਨੂੰ ਕਾਮਰੇਡ ਅਮੋਲਕ ਸਿੰਘ ਜੀ ਦੀ ਬਰਸੀ ਮਨਾਉਣ ਜਾ ਰਹੇ ਹਾਂ ਅਤੇ ਇਸ ਬਰਸੀ ਤੇ ਅਸੀ ਭਾਰੀ ਇਕੱਠ ਹੋਵੇਗਾ। ਇਸ ਸਬੰਧ ਵਿੱਚ ਪਾਰਟੀ ਵਰਕਰਾਂ ਨਾਲ ਭਾਰੀ ਇਕੱਠ ਕਰਨ ਲਈ ਵਿਚਾਰ ਵਟਾਂਦਰਾ ਕੀਤਾ ਜਾ ਰਿਹਾ।

ਇਸ ਸਮੇ ਨਰੇਗਾ ਦੇ ਮੁੱਖ ਸਲਾਹਕਾਰ ਬਲਕਾਰ ਸਿੰਘ ਸਹੋਤਾ, ਵੀਰਪਾਲ ਕੌਰ ਨਵਾਂ ਕਿਲਾ, ਸੁਖਮੰਦਰ ਸਿੰਘ ਢੁੱਡੀ, ਗੁਰਜੰਟ ਸਿੰਘ ਆਦਿ ਹਾਜ਼ਰ ਸਨ ।

## ਪੀ.ਆਰ.ਟੀ.ਸੀ. ਦੇ ਬੱਸ ਸਟੈਂਡਾਂ, ਵਰਕਸ਼ਾਪਾਂ ਤੇ ਮੁੱਖ ਦਫ਼ਤਰ ਵਿਖੇ ਸੋਲਰ ਰੂਫਟਾਪ ਪਲਾਂਟ ਲਗਾਉਣ ਲਈ ਕਾਰਵਾਈ ਤੇਜ

### ਪੀ.ਆਰ.ਟੀ.ਸੀ. ਦੇ ਵੱਖ-ਵੱਖ ਅਦਾਰਿਆਂ 'ਚ 785 ਕਿਲੋਵਾਟ ਦੇ ਸੋਲਰ ਰੂਫਟਾਪ ਪਲਾਂਟ ਲੱਗਣ ਨਾਲ ਸਲਾਨਾ 97 ਲੱਖ ਬਿਜਲੀ ਦੇ ਖਰਚੇ ਦੀ ਬਚਤ ਹੋਵੇਗੀ- ਮਨੀਸ਼ਾ ਰਾਣਾ



ਪਟਿਆਲਾ, 24 ਮਈ:ਪੀ.ਆਰ.ਟੀ.ਸੀ. ਦੇ ਮੈਨੇਜਿੰਗ ਡਾਇਰੈਕਟਰ ਮਨੀਸ਼ਾ ਰਾਣਾ ਨੇ ਆਪਣਾ ਅਹੁਦਾ ਸੰਭਾਲਣ ਉਪਰੰਤ ਤੁਰੰਤ ਪੀ.ਆਰ.ਟੀ.ਸੀ. ਦੀ ਕਾਰਗੁਜਾਰੀ ਵਿੱਚ ਤੇਜ਼ੀ ਲਿਆਉਣ ਲਈ ਬੈਠਕਾਂ ਦਾ ਦੌਰ ਸ਼ੁਰੂ ਕੀਤਾ ਹੈ। ਇਸ ਦੌਰਾਨ ਪੀ.ਆਰ.ਟੀ.ਸੀ. ਦੇ ਬੱਸ ਸਟੈਂਡਾਂ, ਵਰਕਸ਼ਾਪਾਂ ਤੇ ਮੁੱਖ ਦਫ਼ਤਰ ਵਿਖੇ ਸੋਲਰ ਰੂਫਟਾਪ ਪਲਾਂਟ ਲਗਾਉਣ ਲਈ ਤਜਵੀਜ਼ 'ਤੇ ਵਿਚਾਰ ਕਰਨ ਲਈ ਐਮ ਡੀ ਮਨੀਸ਼ਾ ਰਾਣਾ ਨੇ ਪੰਜਾਬ ਊਰਜਾ ਵਿਕਾਸ ਏਜੰਸੀ ਦੇ ਜ਼ਿਲ੍ਹਾ ਮੈਨੇਜਰ ਪਟਿਆਲਾ ਮਾਨਵ ਜ਼ਿੰਦਲ ਅਤੇ ਪੀ.ਆਰ.ਟੀ.ਸੀ. ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ, ਜਿਸ ਵਿੱਚ ਪੰਜਾਬ ਊਰਜਾ ਵਿਕਾਸ ਏਜੰਸੀ ਦੇ ਅਧਿਕਾਰੀ ਨੇ ਦੱਸਿਆ ਕਿ ਪੀ.ਆਰ.ਟੀ.ਸੀ. ਦੀ ਤਜਵੀਜ ਅਨੁਸਾਰ ਪੀ.ਆਰ.ਟੀ.ਸੀ. ਦੇ ਵੱਖ-ਵੱਖ ਅਦਾਰਿਆਂ ਵਿੱਚ 785 ਕਿਲੋਵਾਟ ਦੇ ਸੋਲਰ ਰੂਫਟਾਪ ਪਲਾਂਟ ਸਥਾਪਿਤ ਕੀਤੇ ਜਾਣੇ ਹਨ। ਐਮ ਡੀ ਨੇ ਦੱਸਿਆ ਕਿ ਇਸ ਨਾਲ ਪੀ.ਆਰ.ਟੀ.ਸੀ ਨੂੰ ਅੰਦਾਜਨ ਸਲਾਨਾ 97 ਲੱਖ ਬਿਜਲੀ ਦੇ ਖਰਚੇ ਦੀ ਬਚਤ ਹੋਣ ਦੀ ਸੰਭਾਵਨਾ ਹੈ।

ਮੈਨਜਿੰਗ ਡਾਇਰੈਕਟਰ ਪੀ.ਆਰ.ਟੀ.ਸੀ. ਨੇ ਕੰਮ ਦੀ ਸਮੀਖਿਆ ਕਰਨ ਉਪਰੰਤ ਮੀਟਿੰਗ ਵਿੱਚ ਇਹ ਫੈਸਲਾ ਲਿਆ ਕਿ ਪੰਜਾਬ ਊਰਜਾ ਵਿਕਾਸ ਏਜੰਸੀ ਵੱਲੋਂ ਪੀ.ਆਰ.ਟੀ.ਸੀ. ਦੇ ਵੱਖ-ਵੱਖ ਅਦਾਰਿਆਂ ਵਿੱਚ ਸੋਲਰ ਰੂਫਟਾਪ ਪਲਾਂਟ ਸਥਾਪਿਤ ਕਰਨ ਸਬੰਧੀ ਕਾਰਵਾਈ ਜਲਦ ਸ਼ੁਰੂ ਕੀਤੀ ਜਾਵੇ ਤਾਂ ਜੋ ਬਿਜਲੀ ਦੇ ਖਰਚੇ ਦੀ ਬਚਤ ਕੀਤੀ ਜਾ ਸਕੇ।

ਮੀਟਿੰਗ ਵਿੱਚ ਹੋਏ ਵਿਚਾਰ ਵਟਾਂਦਰੇ ਅਨੁਸਾਰ ਪੰਜਾਬ ਊਰਜਾ ਵਿਕਾਸ ਏਜੰਸੀ ਦੇ ਅਧਿਕਾਰੀ ਨੇ ਦੱਸਿਆ ਕਿ ਇਸ ਪ੍ਰੋਜੈਕਟ ਲਈ ਪੀ.ਆਰ.ਟੀ.ਸੀ. ਵੱਲੋਂ ਪੰਜਾਬ ਊਰਜਾ ਵਿਕਾਸ ਏਜੰਸੀ ਨੂੰ ਬਣਦੀ ਰਕਮ ਜਮ੍ਹਾ ਕਰਵਾ ਦਿੱਤੀ ਜਾਂਦੀ ਹੈ ਤਾਂ ਇਸ ਪ੍ਰੌਜੈਕਟ ਨੂੰ ਤਿੰਨ ਮਹੀਨਿਆ ਵਿੱਚ ਮੁਕੰਮਲ ਕਰ ਦਿੱਤਾ ਜਾਵੇਗਾ। ਐਮ.ਡੀ. ਮਨੀਸ਼ਾ ਰਾਣਾ ਨੇ ਜ਼ਿਲ੍ਹਾ ਮੈਨੇਜਰ ਪੰਜਾਬ ਊਰਜਾ ਵਿਕਾਸ ਏਜੰਸੀ ਨੂੰ ਕਿਹਾ ਕਿ ਇਸ ਪ੍ਰੋਜੈਕਟ ਦੀ ਬਣਦੀ ਰਕਮ ਦੀ ਪਹਿਲ੍ਹੀ ਕਿਸ਼ਤ ਪੰਜਾਬ ਊਰਜਾ ਵਿਕਾਸ ਏਜੰਸੀ ਨੂੰ ਜਲਦ ਜਾਰੀ ਕਰ ਦਿੱਤੀ ਜਾਵੇਗੀ। ਇਸ ਸਬੰਧੀ ਬਣਦੀ ਕਾਰਵਾਈ ਤੁਰੰਤ ਅਰੰਭ ਲਈ ਜਾਵੇ।ਇਸ ਮੌਕੇ ਕਾਰਜਕਾਰੀ ਇੰਜੀਨੀਅਰ ਜਤਿੰਦਰਪਾਲ ਸਿੰਘ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

## ਪੀ.ਆਰ.ਟੀ.ਸੀ. ਦੇ ਬੱਸ ਸਟੈਂਡਾਂ, ਵਰਕਸ਼ਾਪਾਂ ਤੇ ਮੁੱਖ ਦਫ਼ਤਰ ਵਿਖੇ ਸੋਲਰ ਰੂਫਟਾਪ ਪਲਾਂਟ ਲਗਾਉਣ ਲਈ ਕਾਰਵਾਈ ਤੇਜ

### ਪੀ.ਆਰ.ਟੀ.ਸੀ. ਦੇ ਵੱਖ-ਵੱਖ ਅਦਾਰਿਆਂ 'ਚ 785 ਕਿਲੋਵਾਟ ਦੇ ਸੋਲਰ ਰੂਫਟਾਪ ਪਲਾਂਟ ਲੱਗਣ ਨਾਲ ਸਲਾਨਾ 97 ਲੱਖ ਬਿਜਲੀ ਦੇ ਖਰਚੇ ਦੀ ਬਚਤ ਹੋਵੇਗੀ- ਮਨੀਸ਼ਾ ਰਾਣਾ



ਪਟਿਆਲਾ, 24 ਮਈ: ਪੀ.ਆਰ.ਟੀ.ਸੀ. ਦੇ ਮੈਨੇਜਿੰਗ ਡਾਇਰੈਕਟਰ ਮਨੀਸ਼ਾ ਰਾਣਾ ਨੇ ਆਪਣਾ ਅਹੁਦਾ ਸੰਭਾਲਣ ਉਪਰੰਤ ਤੁਰੰਤ ਪੀ.ਆਰ.ਟੀ.ਸੀ. ਦੀ ਕਾਰਗੁਜਾਰੀ ਵਿੱਚ ਤੇਜ਼ੀ ਲਿਆਉਣ ਲਈ ਬੈਠਕਾਂ ਦਾ ਦੌਰ ਸ਼ੁਰੂ ਕੀਤਾ ਹੈ। ਇਸ ਦੌਰਾਨ ਪੀ.ਆਰ.ਟੀ.ਸੀ. ਦੇ ਬੱਸ ਸਟੈਂਡਾਂ, ਵਰਕਸ਼ਾਪਾਂ ਤੇ ਮੁੱਖ ਦਫ਼ਤਰ ਵਿਖੇ ਸੋਲਰ ਰੂਫਟਾਪ ਪਲਾਂਟ ਲਗਾਉਣ ਲਈ ਤਜਵੀਜ਼ 'ਤੇ ਵਿਚਾਰ ਕਰਨ ਲਈ ਐਮ ਡੀ ਮਨੀਸ਼ਾ ਰਾਣਾ ਨੇ ਪੰਜਾਬ ਊਰਜਾ ਵਿਕਾਸ ਏਜੰਸੀ ਦੇ ਜ਼ਿਲ੍ਹਾ ਮੈਨੇਜਰ ਪਟਿਆਲਾ ਮਾਨਵ ਜ਼ਿੰਦਲ ਅਤੇ ਪੀ.ਆਰ.ਟੀ.ਸੀ. ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ, ਜਿਸ ਵਿੱਚ ਪੰਜਾਬ ਊਰਜਾ ਵਿਕਾਸ ਏਜੰਸੀ ਦੇ ਅਧਿਕਾਰੀ ਨੇ ਦੱਸਿਆ ਕਿ ਪੀ.ਆਰ.ਟੀ.ਸੀ. ਦੀ ਤਜਵੀਜ ਅਨੁਸਾਰ ਪੀ.ਆਰ.ਟੀ.ਸੀ. ਦੇ ਵੱਖ-ਵੱਖ ਅਦਾਰਿਆਂ ਵਿੱਚ 785 ਕਿਲੋਵਾਟ ਦੇ ਸੋਲਰ ਰੂਫਟਾਪ ਪਲਾਂਟ ਸਥਾਪਿਤ ਕੀਤੇ ਜਾਣੇ ਹਨ। ਐਮ ਡੀ ਨੇ ਦੱਸਿਆ ਕਿ ਇਸ ਨਾਲ ਪੀ.ਆਰ.ਟੀ.ਸੀ ਨੂੰ ਅੰਦਾਜਨ ਸਲਾਨਾ 97 ਲੱਖ ਬਿਜਲੀ ਦੇ ਖਰਚੇ ਦੀ ਬਚਤ ਹੋਣ ਦੀ ਸੰਭਾਵਨਾ ਹੈ।

ਮੈਨਜਿੰਗ ਡਾਇਰੈਕਟਰ ਪੀ.ਆਰ.ਟੀ.ਸੀ. ਨੇ ਕੰਮ ਦੀ ਸਮੀਖਿਆ ਕਰਨ ਉਪਰੰਤ ਮੀਟਿੰਗ ਵਿੱਚ ਇਹ ਫੈਸਲਾ ਲਿਆ ਕਿ ਪੰਜਾਬ ਊਰਜਾ ਵਿਕਾਸ ਏਜੰਸੀ ਵੱਲੋਂ ਪੀ.ਆਰ.ਟੀ.ਸੀ. ਦੇ ਵੱਖ-ਵੱਖ ਅਦਾਰਿਆਂ ਵਿੱਚ ਸੋਲਰ ਰੂਫਟਾਪ ਪਲਾਂਟ ਸਥਾਪਿਤ ਕਰਨ ਸਬੰਧੀ ਕਾਰਵਾਈ ਜਲਦ ਸ਼ੁਰੂ ਕੀਤੀ ਜਾਵੇ ਤਾਂ ਜੋ ਬਿਜਲੀ ਦੇ ਖਰਚੇ ਦੀ ਬਚਤ ਕੀਤੀ ਜਾ ਸਕੇ।

ਮੀਟਿੰਗ ਵਿੱਚ ਹੋਏ ਵਿਚਾਰ ਵਟਾਂਦਰੇ ਅਨੁਸਾਰ ਪੰਜਾਬ ਊਰਜਾ ਵਿਕਾਸ ਏਜੰਸੀ ਦੇ ਅਧਿਕਾਰੀ ਨੇ ਦੱਸਿਆ ਕਿ ਇਸ ਪ੍ਰੋਜੈਕਟ ਲਈ ਪੀ.ਆਰ.ਟੀ.ਸੀ. ਵੱਲੋਂ ਪੰਜਾਬ ਊਰਜਾ ਵਿਕਾਸ ਏਜੰਸੀ ਨੂੰ ਬਣਦੀ ਰਕਮ ਜਮ੍ਹਾ ਕਰਵਾ ਦਿੱਤੀ ਜਾਂਦੀ ਹੈ ਤਾਂ ਇਸ ਪ੍ਰੌਜੈਕਟ ਨੂੰ ਤਿੰਨ ਮਹੀਨਿਆ ਵਿੱਚ ਮੁਕੰਮਲ ਕਰ ਦਿੱਤਾ ਜਾਵੇਗਾ।

ਐਮ.ਡੀ. ਮਨੀਸ਼ਾ ਰਾਣਾ ਨੇ ਜ਼ਿਲ੍ਹਾ ਮੈਨੇਜਰ ਪੰਜਾਬ ਊਰਜਾ ਵਿਕਾਸ ਏਜੰਸੀ ਨੂੰ ਕਿਹਾ ਕਿ ਇਸ ਪ੍ਰੋਜੈਕਟ ਦੀ ਬਣਦੀ ਰਕਮ ਦੀ ਪਹਿਲ੍ਹੀ ਕਿਸ਼ਤ ਪੰਜਾਬ ਊਰਜਾ ਵਿਕਾਸ ਏਜੰਸੀ ਨੂੰ ਜਲਦ ਜਾਰੀ ਕਰ ਦਿੱਤੀ ਜਾਵੇਗੀ। ਇਸ ਸਬੰਧੀ ਬਣਦੀ ਕਾਰਵਾਈ ਤੁਰੰਤ ਅਰੰਭ ਲਈ ਜਾਵੇ।ਇਸ ਮੌਕੇ ਕਾਰਜਕਾਰੀ ਇੰਜੀਨੀਅਰ ਜਤਿੰਦਰਪਾਲ ਸਿੰਘ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

## ਉਘੇ ਕਬੱਡੀ ਖਿਡਾਰੀ ਤੇ ਵਿਧਾਇਕ ਗੁਰਲਾਲ ਘਨੌਰ ਦਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਰਾਜ ਦੇ ਸਰਵਉੱਚ ਖੇਡ ਪੁਰਸਕਾਰ 'ਮਹਾਰਾਜਾ ਰਣਜੀਤ ਸਿੰਘ ਐਵਾਰਡ' ਨਾਲ ਸਨਮਾਨ

### ਇਹ ਸਨਮਾਨ ਹਲਕਾ ਘਨੌਰ ਦੇ ਹਰ ਪਰਿਵਾਰ ਤੇ ਹਰ ਉਸ ਖਿਡਾਰੀ ਨੂੰ ਸਮਰਪਿਤ, ਜੋ ਮੈਦਾਨ 'ਚ ਪੰਜਾਬ ਦਾ ਨਾਮ ਚਮਕਾਉਣ ਲਈ ਦਿਨ-ਰਾਤ ਇੱਕ ਕਰ ਰਿਹਾ ਹੈ- ਗੁਰਲਾਲ ਘਨੌਰ

### ਕਿਹਾ, 'ਰੰਗਲਾ ਪੰਜਾਬ' ਬਣਾਉਣ ਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਸਾਡੀ ਮਿਹਨਤ ਇਸੇ ਤਰ੍ਹਾਂ ਜਾਰੀ ਰਹੇਗੀ




ਘਨੌਰ /ਪਟਿਆਲਾ, 24 ਮਈ : ਪੰਜਾਬ ਸਰਕਾਰ ਵੱਲੋਂ ਅੱਜ ਕਰਵਾਏ ਗਏ ਰਾਜ ਪੱਧਰੀ ਖਿਡਾਰੀ ਸਨਮਾਨ ਸਮਾਰੋਹ ਦੌਰਾਨ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੇ ਉਘੇ ਕਬੱਡੀ ਖਿਡਾਰੀ ਤੇ ਘਨੌਰ ਦੇ ਵਿਧਾਇਕ ਗੁਰਲਾਲ ਘਨੌਰ ਨੂੰ ਪੰਜਾਬ ਦੇ ਸਰਵਉੱਚ ਖੇਡ ਪੁਰਸਕਾਰ 'ਮਹਾਰਾਜਾ ਰਣਜੀਤ ਸਿੰਘ ਐਵਾਰਡ' ਨਾਲ ਸਨਮਾਨਿਤ ਕੀਤਾ।ਗੁਰਲਾਲ ਘਨੌਰ ਨੂੰ ਇਹ ਸਨਮਾਨ ਉਨ੍ਹਾਂ ਵੱਲੋਂ ਕਬੱਡੀ ਖਿਡਾਰੀ ਵਜੋਂ ਕਰੀਬ ਦੋ ਦਹਾਕਿਆਂ ਤੋਂ ਵੀ ਵੱਧ ਸਮੇਂ ਲਈ ਕਬੱਡੀ ਖੇਡਣ ਵਾਸਤੇ ਮਿਲਿਆ ਹੈ, ਕਿਉਂਕਿ ਇਹ ਪੁਰਸਕਾਰ 2018 ਤੋਂ ਲੈ 2023 ਤੱਕ ਦੇ ਪ੍ਰਦਾਨ ਕੀਤੇ ਗਏ ਹਨ।

ਇਸ ਪ੍ਰਾਪਤੀ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਵਿਧਾਇਕ ਗੁਰਲਾਲ ਘਨੌਰ ਨੇ ਕਿਹਾ ਕਿ, "ਮੇਰੇ ਲਈ ਇਹ ਐਵਾਰਡ ਸਿਰਫ਼ ਇੱਕ ਸਨਮਾਨ ਹੀ ਨਹੀਂ, ਬਲਕਿ ਖੇਡਾਂ ਪ੍ਰਤੀ ਮੇਰੀ ਅਟੁੱਟ ਲਗਨ ਅਤੇ ਦੇਸ਼-ਵਿਦੇਸ਼ ਵਿੱਚ ਵਸਦੇ ਲੋਕਾਂ ਵੱਲੋਂ ਮਿਲੇ ਪਿਆਰ ਦਾ ਪ੍ਰਤੀਕ ਹੈ।"

ਵਿਧਾਇਕ ਗੁਰਲਾਲ ਨੇ ਕਿਹਾ ਕਿ ਇਹ ਸਨਮਾਨ ਹਲਕਾ ਘਨੌਰ ਦੇ ਹਰ ਪਰਿਵਾਰ ਅਤੇ ਹਰ ਉਸ ਖਿਡਾਰੀ ਨੂੰ ਸਮਰਪਿਤ ਹੈ ਜੋ ਮੈਦਾਨ ਵਿੱਚ ਪੰਜਾਬ ਦਾ ਨਾਮ ਚਮਕਾਉਣ ਲਈ ਦਿਨ-ਰਾਤ ਇੱਕ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ, "ਮੈਂ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਅਤੇ ਵਿਸ਼ਵਾਸ ਦਿਵਾਉਂਦਾ ਹਾਂ ਕਿ 'ਰੰਗਲਾ ਪੰਜਾਬ' ਬਣਾਉਣ ਅਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਸਾਡੀ ਮਿਹਨਤ ਇਸੇ ਤਰ੍ਹਾਂ ਜਾਰੀ ਰਹੇਗੀ।"

ਜਿਕਰਯੋਗ ਹੈ ਕਿ ਵਿਧਾਇਕ ਗੁਰਲਾਲ ਘਨੌਰ ਨੇ ਹਲਕੇ ਵਿੱਚ ਖੇਡਾਂ ਨੂੰ ਪ੍ਰਫੁੱਲਤ ਕਰਨ ਦੇ ਨਾਲ ਨਾਲ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਨ ਲਈ ਉਨ੍ਹਾਂ ਨੂੰ ਖੇਡ ਦੇ ਮੈਦਾਨਾਂ ਵਿੱਚ ਉਤਾਰ ਕੇ ਹਰ ਪਿੰਡ ਵਿੱਚ ਖੇਡ ਦੇ ਮੈਦਾਨ ਬਣਾਉਣ ਦਾ ਬੀੜਾ ਉਠਾਇਆ ਹੈ। ਉਹ ਖੁਦ ਮੈਦਾਨਾਂ ਵਿੱਚ ਜਾ ਕੇ ਨੌਜਵਾਨਾਂ ਨੂੰ ਖੇਡਣ ਲਈ ਪ੍ਰੇਰਿਤ ਕਰ ਰਹੇ ਹਨ।

## ਕਿਸੇ ਵੀ ਲਾਲਚ ਅਧੀਨ ਆਪਣੀ ਜ਼ਮੀਰ ਨਾ ਵੇਚਿਓ : ਢੋਸੀਵਾਲ

### — ਵੋਟ ਆਪਣੀ ਮਰਜੀ ਨਾਲ ਪਾਓ —

ਸ਼ਿਵਨਾਥ




ਫ਼ਰੀਦਕੋਟ 24 ਮਈ : ਸਾਰੇ ਪੰਜਾਬ ਅੰਦਰ ਨਗਰ ਕੌਂਸਲਾਂ, ਨਗਰ ਪੰਚਾਇਤਾਂ ਅਤੇ ਨਗਰ ਕਾਰਪੋਰੇਸ਼ਨਾਂ ਲਈ ਆਉਂਦੀ ਛੱਬੀ ਮਈ ਨੂੰ ਚੋਣਾਂ ਹੋ ਰਹੀਆਂ ਹਨ। ਸਥਾਨਕ ਸ਼ਹਿਰ ਫਰੀਦਕੋਟ ਸਮੇਤ ਸਮੁੱਚੇ ਪੰਜਾਬ ਵਿੱਚ ਸਾਰੇ ਉਮੀਦਵਾਰ ਆਪਣੀ ਜਿੱਤ ਯਕੀਨੀ ਬਨਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੇ ਹਨ। ਵੋਟਰਾਂ ਨੂੰ ਸਬਜ ਬਾਗ ਦਿਖਾਏ ਜਾ ਰਹੇ ਹਨ। ਕਈ ਤਰ੍ਹਾਂ ਦੇ ਲਾਲਚ ਅਤੇ ਡਰਾਵੇ ਦਿੱਤੇ ਜਾ ਰਹੇ ਹਨ। ਪ੍ਰਮੁੱਖ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਐਲ.ਬੀ.ਸੀ.ਟੀ. (ਲਾਰਡ ਬੁੱਧਾ ਚੈਰੀਟੇਬਲ ਟਰੱਸਟ) ਦੇ ਸੰਸਥਾਪਕ ਜਗਦੀਸ਼ ਰਾਏ ਢੋਸੀਵਾਲ, ਜ਼ਿਲ੍ਹਾ ਚੀਫ਼ ਪੈਟਰਨ ਮੈਡਮ ਹੀਰਾਵਤੀ, ਜਿਲ੍ਹਾ ਚੇਅਰਮੈਨ ਡਾ. ਹਰਪਾਲ ਸਿੰਘ, ਜਿਲ੍ਹਾ ਪ੍ਰਧਾਨ ਡੀ.ਪੀ.ਐੱਸ. ਭੋਲਾ, ਸੀਨੀਅਰ ਮੀਤ ਪ੍ਰਧਾਨ ਇੰਸ. ਰਮੇਸ਼ ਕੁਮਾਰ, ਜਨਰਲ ਸਕੱਤਰ ਪ੍ਰੋ. ਮਲਕੀਅਤ ਸਿੰਘ ਮੰਮਨ, ਮੁੱਖ ਸਲਾਹਕਾਰ ਡਾ. ਸੋਹਨ ਲਾਲ ਨਿਗਾਹ, ਪ੍ਰੈਸ ਸੈਕਟਰੀ ਕੇ.ਪੀ. ਸਰਾਂ, ਸਹਾਇਕ ਸਕੱਤਰ ਸ਼ਿਵ ਨਾਥ ਦਰਦੀ, ਕਾਨੂੰਨੀ ਸਲਾਹਕਾਰ ਐਡਵੋਕੇਟ ਪ੍ਰਦੀਪ ਸਿੰਘ ਅਟਵਾਲ, ਜਸਵਿੰਦਰ ਸਿੰਘ ਜੱਸ ਸਮੇਤ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਸ਼ਹਿਰ ਨਿਵਾਸੀਆਂ ਨੂੰ ਕਿਸੇ ਡਰ, ਦਬਾਅ ਜਾਂ ਲਾਲਚ ਤੋਂ ਬਿਨਾਂ ਆਪਣੀ ਵੋਟ ਪਾਉਣ ਲਈ ਅਪੀਲ ਕੀਤੀ ਹੈ। ਵੋਟ ਦਾ ਅਧਿਕਾਰ ਸਭਨਾਂ ਦਾ ਕਾਨੂੰਨੀ ਹੱਕ ਹੈ। ਸਾਨੂੰ ਸਾਰਿਆਂ ਨੂੰ ਇਸ ਅਧਿਕਾਰ ਦੀ ਲਾਜ਼ਮੀ ਵਰਤੋਂ ਕਰਨੀ ਚਾਹੀਦੀ ਹੈ। ਉਕਤ ਟਰੱਸਟ ਆਗੂਆਂ ਨੇ ਸ਼ਹਿਰ ਨਿਵਾਸੀਆਂ ਨੂੰ ਇਨ੍ਹਾਂ ਚੋਣਾਂ ਦੌਰਾਨ ਆਪਣੀ ਸਦਭਾਵਨਾ ਅਤੇ ਭਾਈਚਾਰਾ ਕਾਇਮ ਰੱਖਣ ਦੀ ਅਪੀਲ ਕੀਤੀ ਹੈ। ਉਕਤ ਆਗੂਆਂ ਵੱਲੋਂ ਸਾਂਝਾ ਪ੍ਰੈਸ ਬਿਆਨ ਜਾਰੀ ਕਰਦੇ ਹੋਏ ਸ੍ਰੀ ਢੋਸੀਵਾਲ ਨੇ ਕਿਹਾ ਹੈ ਕਿ ਚੋਣਾਂ ਤਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ ਪਰ ਆਪਸੀ ਭਾਈਚਾਰਾ ਅਤੇ ਸਦਭਾਵਨਾ ਸਦਾ ਬਰਕਰਾਰ ਰਹਿਣ ਵਾਲੀ ਵਿਵਸਥਾ ਜੋ ਹਰ ਹਾਲਤ ਕਾਇਮ ਰੱਖੀ ਜਾਣੀ ਚਾਹੀਦੀ ਹੈ। ਟਰੱਸਟ ਆਗੂਆਂ ਨੇ ਗਰਮੀ ਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਵੋਟਾਂ ਵਾਲੇ ਦਿਨ ਆਪਣੀ ਵੋਟ ਸਵੇਰ ਵੇਲੇ ਠੰਢੇ-ਠੰਢੇ ਭੁਗਤਾਉਣ ਦੀ ਅਪੀਲ ਕੀਤੀ ਹੈ।


# ਸਿੱਦਕੀ ਤੇ ਸੰਘਰਸ਼ੀ ਕਿਤਾਬ ਭਾਰਤ ਸਟੇਟ ਅਤੇ ਪੁਲਿਸ ਮਹਿਕਮੇ ਲਈ ਬਣੀ ਚਰਚਾ ਦਾ ਵਿਸ਼ਾ

## ਕਿ ਸਰਕਾਰ ਅਤੇ ਮਹਿਕਮੇ ਨੂੰ ਸੰਘਰਸ਼ੀਆਂ ਦੀ ਕਲਮ ਤੋਂ ਵੀ ਖ਼ਤਰਾ ਮਹਿਸੂਸ ਹੁੰਦਾ ਹੈ

ਵਰਲਡ ਪੰਜਾਬੀ ਟਾਈਮਜ਼
ਰਸ਼ਪਿੰਦਰ ਕੌਰ ਗਿੱਲ

ਅੰਮ੍ਰਿਤਸਰ-24 ਮਈ : ਇੱਕ ਨਾਮੀ ਖਾੜਕੂ ਲਵਸ਼ਿੰਦਰ ਸਿੰਘ ਡੱਲੇਵਾਲ ਜੋ ਕਿ ਇਸ ਸਮੇਂ ਯੂ.ਕੇ ਦੇ ਵਿੱਚ ਪਿਛਲੇ ਤਕਰੀਬਨ 30 ਸਾਲ ਤੋਂ ਜਲਾਵਤਨੀ ਜੀਵਨ ਬਤੀਤ ਕਰ ਰਹੇ ਹਨ। ਉਨਾਂ ਦੀਆਂ ਲਿਖੀਆਂ ਦੋ ਕਿਤਾਬਾਂ ਨੇ ਭਾਰਤ ਸਟੇਟ ਅਤੇ ਪੁਲਿਸ ਮਹਿਕਮੇ ਵਿੱਚ ਖਲਬਲੀ ਮਚਾ ਦਿੱਤੀ ਹੈ। 1984 ਦੇ ਦੌਰ ਵਿੱਚ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਵਾਲਿਆਂ ਤੋਂ ਪ੍ਰਭਾਵਿਤ ਹੋ ਕੇ ਖਾੜਕੂ ਸੰਘਰਸ਼ ਦੇ ਪਾਂਧੀ ਬਣੇ ਭਬਾਈ ਲਵਸ਼ਿੰਦਰ ਸਿੰਘ ਡੱਲੇਵਾਲ ਜੀ ਤਕਰੀਬਨ 30 ਸਾਲ ਤੋਂ ਦੇਸ਼ ਖਾਲਿਸਤਾਨ ਦੀ ਅਜ਼ਾਦੀ ਦੀ ਖਵਾਇਸ਼ ਦਿਲ ਵਿੱਚ ਲੈ ਕੇ ਯੂ.ਕੇ ਵਿੱਚ ਜਲਾਵਤਨੀ ਜੀਵਨ ਬਤੀਤ ਕਰ ਰਹੇ ਹਨ। ਯੂ.ਕੇ ਵਿੱਚ ਰਹਿ ਕਿ ਖਾਲਿਸਤਾਨ ਦੇਸ਼ ਦੀ ਅਜ਼ਾਦੀ ਲਈ ਮੁਜਹਾਰੇ ਕਰਦੇ ਹਨ ਅਤੇ ਵੱਖ-ਵੱਖ ਗੁਰਦੁਆਰਾ ਸਾਹਿਬ ਵਿਖੇ ਹੋਣ ਵਾਲੇ ਸਮਾਗਮਾਂ ਵਿੱਚ 1984 ਤੋਂ ਲੈ ਕੇ ਹੁਣ ਤੱਕ ਭਾਰਤੀ ਸਟੇਟ ਵੱਲੋਂ ਸਿੱਖਾਂ ਦੇ ਕੀਤੇ ਜਾ




ਰਹੇ ਕਤਲੋਗਾਰਦ ਖ਼ਿਲਾਫ਼ ਅਵਾਜ ਬੁਲੰਦ ਕਰਦੇ ਹਨ। ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਯੂ.ਕੇ ਵਿੱਚ ਪਿਛਲੇ 30 ਸਾਲ ਤੋਂ ਰਹਿ ਰਹੇ ਹਨ ਪਰ ਯੂ.ਕੇ ਦੀ ਸਰਕਾਰ ਨੂੰ ਉਨਾਂ ਤੋਂ ਕੋਈ ਪਰੇਸ਼ਾਨੀ ਨਹੀਂ ਹੈ ਤੇ ਨਾ ਹੀ ਯੂ.ਕੇ ਵਿੱਚ ਉਨਾਂ ਖਿਲਾਫ਼ ਕਿਸੇ ਵੀ ਤਰਾਂ ਦਾ ਕੋਈ ਕੇਸ ਦਰਜ ਹੈ। ਯੂ.ਕੇ ਦੀ ਸਰਕਾਰ right of speech ਦੇ ਹੱਕ ਦੇ ਤਹਿਤ ਉਨਾਂ ਨੂੰ ਮੁਜ਼ਹਾਰਾ ਵੀ ਕਰਣ ਦਿੰਦੀ ਹੈ, ਮਾਰਚ ਵੀ ਕਰਨ ਦਿੰਦੀ ਹੈ ਅਤੇ ਕਦੇ ਉਨਾਂ ਖਿਲਾਫ ਕੋਈ ਪਰਚਾ ਵੀ ਦਰਜ ਨਹੀਂ ਕਰਦੀ। ਯੂ.ਕੇ ਦੀ ਸਰਕਾਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨੂੰ ਇੱਕ ਇਮਾਨਦਾਰ citizen ਵਜੋਂ ਜਾਣਦੀ ਹੈ। ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਉਮਰ ਦੇ ਇਸ ਪੜਾਅ ਵਿੱਚ ਆ ਕੇ ਆਪਣੇ ਹਿੱਸੇ ਦੇ ਸੰਘਰਸ਼ ਨੂੰ ਕਲਮਬੱਧ ਕਰਨਾ ਸ਼ੁਰੂ ਕੀਤਾ। ਉਨਾਂ ਵੱਲੋਂ ਆਪਣੇ ਸਾਥੀ ਸ਼ਹਿਦ ਸਿੰਘਾਂ ਦੇ ਜੀਵਨ ਕਾਲ ਉੱਤੇ ਪਹਿਲੀ ਕਿਤਾਬ 2024 ਵਿੱਚ ਲਿਖੀ "ਸੰਘਰਸ਼ ਦਾ ਦੌਰ" ਅਤੇ ਦੂਸਰੀ ਕਿਤਾਬ 2026 ਵਿੱਚ ਉਨਾਂ ਬੀਬੀਆਂ ਦੇ ਜੀਵਨਕਾਲ ਉੱਤੇ ਲਿਖੀ ਜਿੰਨਾਂ ਦੇ ਸਿੰਘ ਖਾੜਕੂ ਸੰਘਰਸ਼ ਵਿੱਚ ਸ਼ਹੀਦ ਹੋ ਗਏ ਅਤੇ ਉਨਾਂ ਬੀਬੀਆਂ ਨੇ ਆਪਣੀ ਸਾਰੀ ਜ਼ਿੰਦਗੀ ਆਪਣੇ ਸਿੰਘਾਂ ਦੇ ਨਾਮ ਦੇ ਸਿੱਦਕ ਨਾਲ ਉਨਾਂ ਦੇ ਬੱਚਿਆਂ ਅਤੇ ਉਨਾਂ ਦੇ ਮਾਪਿਆਂ ਦੀ ਸੇਵਾ ਸੰਭਾਲ ਵਿੱਚ ਬਤੀਤ ਕਰ ਦਿੱਤੀ। ਇਸ ਕਿਤਾਬ ਵਿੱਚ ਉਨਾਂ ਸੰਘਰਸ਼ੀ ਸਿੰਘਾਂ ਦਾ ਵੀ ਜ਼ਿਕਰ ਕੀਤਾ ਗਿਆ ਜੋ ਜਲਾਵਤਨੀ ਜੀਵਨ ਬਤੀਤ ਕਰਦੇ ਹੋਏ ਜਾਂ ਤਾਂ ਸ਼ਹੀਦ ਹੋ ਗਏ ਜਾਂ ਅਕਾਲਪੁਰਖ ਦੇ ਚਰਨਾਂ ਵਿੱਚ ਜਾ ਨਿਵਾਜੇ। ਕਿ ਭਾਰਤ ਸਟੇਟ ਨੂੰ ਜਾਂ ਪੁਲਿਸ ਮਹਿਕਮੇ ਨੂੰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਜੀ ਦੇ ਹੱਥ ਫੜੀ ਕਲਮ ਅਸਾਲਟ ਵਰਗੀ ਜਾਪਦੀ ਹੈ? ਜਾਂ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਜੀ ਵੱਲੋਂ ਸ਼ਹੀਦ ਸਿੰਘਾਂ ਦੇ ਪਰਿਵਾਰਾਂ ਨੂੰ ਦਿੱਤਾ ਜਾ ਰਿਹਾ ਮਾਨ ਸਤਿਕਾਰ ਅੱਖਾਂ ਵਿੱਚ ਰੜਕਦਾ ਹੈ? ਕਿਉਂਕਿ ਜਿੰਨਾਂ ਮੈਂ ਸ਼ਹੀਦ ਸਿੰਘਾਂ ਦੇ ਪਰਿਵਾਰਾਂ ਵਿੱਚ ਵਿਚਰਦੀ ਹਾਂ ਤਾਂ ਮੈਂ ਦੇਖਿਆ ਹੈ ਕਿ ਸਿੰਘਾਂ ਦੇ ਸ਼ਹੀਦ ਹੋਣ ਤੋਂ ਬਾਅਦ ਭਾਰਤ ਸਟੇਟ ਅਤੇ ਪੁਲਿਸ ਮਹਿਕਮੇ ਨੇ ਇੰਨਾਂ ਪਰਿਵਾਰਾਂ ਦੀ ਹਾਲਤ ਤਰਸਯੋਗ ਬਣਾ ਦਿੱਤੀ। ਇੰਨਾਂ ਪਰਿਵਾਰਾਂ ਨੂੰ ਇਸ ਕਦਰ ਤੰਗ ਪ੍ਰੇਸ਼ਾਨ ਕੀਤਾ ਗਿਆ ਕਿ ਇਹ ਪਰਿਵਾਰ ਇੱਕ ਇੱਕ ਜ਼ਰੂਰਤ ਲਈ ਮੋਹਤਾਜ ਹੋ ਗਏ। ਇੰਨਾਂ ਪਰਿਵਾਰਾਂ ਦੇ ਪੱਲੇ ਭਾਰਤ ਸਟੇਟ ਅਤੇ ਪੁਲਿਸ ਮਹਿਕਮੇ ਨੇ ਥਾਣੇ ਕਚਹਿਰੀਆਂ ਦੇ ਤਸ਼ਦੱਦ, ਤਸੀਹੇ ਅਤੇ ਖ਼ਰਚੇ ਪਾ ਕੇ ਆਪ ਅਫਸਰਸ਼ਾਹੀ ਦੀਆਂ ਤਰੱਕੀ ਦੀਆਂ ਕੁਰਸੀਆਂ ਦਾ ਨਿੱਘ ਮਾਨਿਆ। ਪਰ ਇੰਨਾਂ ਸ਼ਹੀਦ ਸਿੰਘਾਂ ਦੇ ਪਰਿਵਾਰਾਂ ਦਾ ਸਾਥ ਦਿੱਤਾ ਜਲਾਵਤਨੀ ਯੋਧਿਆ ਨੇ, ਉਨਾਂ ਇੰਨਾਂ ਪਰਿਵਾਰਾਂ ਦੀ ਬਾਂਹ ਫੜੀ। ਸ਼ਹੀਦ ਸਿੰਘਾਂ ਦੇ ਬੱਚਿਆਂ ਨੂੰ ਚੰਗੀ ਵਿੱਦਿਆ ਦੇਣ ਵਿੱਚ ਯੋਗਦਾਨ ਪਾਇਆ, ਉਨਾਂ ਦੇ ਪਰਿਵਾਰਾਂ ਦੇ ਘਰ ਤੱਕ ਰਾਸ਼ਨ ਪਹੁੰਚਦਾ ਕੀਤਾ, ਉਨਾਂ ਦੇ ਮਾਪਿਆ ਦੀ ਦਵਾਈ ਦਾਰੂ ਦਾ ਇੰਤਜ਼ਾਮ ਕੀਤਾ, ਉਨਾਂ ਦੇ ਧੀਆਂ ਪੁੱਤਾਂ ਦੇ ਵਿਆਹ ਤੱਕ ਦੇ ਖ਼ਰਚੇ ਵਿੱਚ ਸਹਿਯੋਗ ਕੀਤਾ। ਇੰਨਾਂ ਸਭ ਜਲਾਵਤਨੀ ਯੋਧਿਆਂ ਨੇ ਇਹ ਧਾਰ ਲਿਆ ਕਿ ਜਿਹੜੇ ਸਿੰਘ ਕੌਮ ਲਈ ਸ਼ਹੀਦ ਹੋ ਗਏ ਉਨਾਂ ਪਰਿਵਾਰਾਂ ਨੂੰ ਸੰਭਾਲਣਾ ਸਾਡਾ ਫਰਜ ਵੀ ਹੈ ਤੇ ਸਾਡੀ ਜ਼ਿੰਮੇਵਾਰੀ ਵੀ ਹੈ। ਇੰਨਾਂ ਯੋਧਿਆਂ ਦੀ ਇਸ ਸੋਚ ਅੱਗੇ ਸਾਡਾ ਸਿਰ ਇੰਜ ਨਿਉ ਜਾਂਦਾ ਹੈ ਕਿ ਸਾਡੀ ਕਲਮ ਕੋਲ ਸ਼ਬਦ ਹੀ ਮੁੱਕ ਜਾਂਦੇ ਹਨ। ਜਿੱਥੇ ਸਰਕਾਰਾਂ ਤੇ ਪੁਲਿਸ ਮਹਿਕਮਾ ਚਾਹੁੰਦਾ ਹੈ ਕਿ ਸੰਘਰਸ਼ੀ ਪਰਿਵਾਰ ਇੱਕ ਵਿਚਾਰਗੀ ਭਰਿਆ ਜੀਵਨ ਬਤੀਤ ਕਰਨ, ਉੱਥੇ ਇਹ ਜਲਾਵਤਨੀ ਯੋਧੇ ਪ੍ਰਦੇਸਾਂ ਵਿੱਚ ਆਪਣੀ ਦੱਸਾਂ ਨੂਹਾਂ ਦੀ ਕਮਾਈ ਕਰਕੇ ਆਪਣੀ ਕਮਾਈ ਦਾ ਦਸਵੰਧ ਇੰਨਾਂ ਸੰਘਰਸ਼ੀ ਪਰਿਵਾਰਾਂ ਨੂੰ ਮਾਨ ਨਾਲ ਸਿਰ ਚੁੱਕ ਕੇ ਜੀਵਨ ਬਤੀਤ ਕਰਨ ਲਈ ਮਦਦ ਕਰਦੇ ਹਨ। ਇਸ ਕਾਰਜ ਲਈ ਇਹ ਜਲਾਵਤਨੀ ਯੋਧੇ ਅਲੱਗ-ਅਲੱਗ ਟਰੱਸਟ ਰਾਹੀਂ ਕਾਫੀ ਵੱਡੀ ਰਾਸ਼ੀ ਇੰਨਾਂ ਪਰਿਵਾਰਾਂ ਲਈ ਭੇਜਦੇ ਹਨ। ਭਾਰਤ ਸਟੇਟ ਅਤੇ ਪੁਲਿਸ ਮਹਿਕਮੇ ਦੇ ਇੰਨਾਂ ਤਸ਼ੱਦਦਾਂ ਦੇ ਖੁਲਾਸੇ ਹੁਣ ਅਲੱਗ-ਅਲੱਗ ਅਦਾਲਤਾਂ ਵਿੱਚ ਸਾਬਿਤ ਵੀ ਹੋ ਚੁੱਕੇ ਹਨ, ਕਈ ਮੁਲਾਜ਼ਮਾਂ ਅਤੇ ਸਿਆਸਤਦਾਨਾਂ ਨੂੰ ਸਜ਼ਾਵਾਂ ਵੀ ਹੋ ਚੁੱਕੀਆਂ ਹਨ ਅਤੇ ਕਈਆਂ ਦੇ ਨਾਮ ਉਜਾਗਰ ਵੀ ਹੋ ਚੁੱਕੇ ਹਨ। ਕਈ ਚੈਨਲਾਂ ਉੱਪਰ ਪਿੰਕੀ ਕੈਟ ਵਰਗੇ ਪੁਲਿਸ ਕਰਮਚਾਰੀਆਂ ਨੇ ਖੁਦ ਇੰਟਰਵਿਉ ਵਿੱਚ ਦੱਸਿਆ ਹੈ ਕਿ ਕਿਸ ਤਰਾਂ ਕਿਹੜਾ-ਕਿਹੜਾ ਪੁਲਿਸ ਮੁਲਾਜ਼ਮ ਖਾੜਕੂ ਸਿੰਘਾਂ ਨੂੰ ਅਤੇ ਉਨਾਂ ਦੇ ਪਰਿਵਾਰਾਂ ਨੂੰ ਤਸੀਹੇ ਦਿੰਦੇ ਸਨ ਅਤੇ ਕਿਸ ਤਰਾਂ ਉਨਾਂ ਨੂੰ ਸ਼ਹੀਦ ਕਰਦੇ ਸਨ। ਕਿਸ ਤਰਾਂ ਉਨਾਂ ਦੇ ਘਰਾਂ ਦੀਆਂ ਔਰਤਾਂ ਨੂੰ ਜ਼ਲੀਲ ਕਰਦੇ ਸਨ। ਇਹ ਸਭ ਨੂੰ on record ਹੈ ਅਤੇ ਭਾਰਤ ਸਟੇਟ ਅਤੇ ਪੁਲਿਸ ਮਹਿਕਮਾ ਇਸ ਸਭ ਤੋਂ ਮੁਨਕਰ ਨਹੀਂ ਹੋ ਸਕਦਾ। ਹੁਣ ਭਾਰਤ ਸਟੇਟ ਅਤੇ ਪੁਲਿਸ ਮਹਿਕਮੇ ਨੂੰ ਇੰਨਾਂ ਸੰਘਰਸ਼ੀ ਪਰਿਵਾਰਾਂ ਉੱਪਰ ਸਤਿਕਾਰ ਸਹਿਤ ਲਿਖੀਆਂ ਜਾ ਰਹੀਆਂ ਕਿਤਾਬਾਂ ਉੱਤੇ ਵੀ ਇਤਰਾਜ਼ ਹੋ ਰਿਹਾ ਹੈ ਅਤੇ ਇੰਨਾਂ ਪਰਿਵਾਰਾਂ ਦੀਆਂ ਔਰਤਾਂ ਨੂੰ ਵੱਖ-ਵੱਖ ਥਾਣਿਆਂ ਵਿੱਚ ਬੁਲਾ ਕੇ ਡਰਾਇਆ ਧਮਕਾਇਆ ਜਾ ਰਿਹਾ ਹੈ ਕਿ ਤੁਸੀਂ ਇੰਨਾਂ ਜਲਾਵਤਨੀ ਯੋਧਿਆਂ ਨਾਲ ਗੱਲ ਬਾਤ ਨਾ ਕਰੋ, ਇੰਨਾਂ ਕੋਲੋ ਮਾਇਆ ਦੀ ਸਹਾਇਤਾ ਨਾ ਲਓ। ਇੱਥੇ ਇਹ ਸਵਾਲ ਪੈਦਾ ਹੁੰਦਾ ਹੈ ਕਿ ਆਪ ਖੁਦ ਸਰਕਾਰੀ ਨੌਕਰੀਆਂ ਦਾ ਨਿੱਘ ਮਾਨ ਕੇ, ਆਪਣੇ ਬੱਚਿਆਂ ਨੂੰ ਮਹਿੰਗੇ ਸਕੂਲਾਂ ਵਿੱਚ ਪੜਾ ਕੇ, ਆਪਣੇ ਪਰਿਵਾਰਾਂ ਨੂੰ ਐਸ਼ੋ ਅਰਾਮ ਦੀ ਜ਼ਿੰਦਗੀ ਦੇ ਕੇ ਕੋਈ ਕਿਸ ਤਰਾਂ ਇੰਨਾਂ ਸ਼ਹੀਦ ਸਿੰਘਾਂ ਦੇ ਪਰਿਵਾਰਾਂ ਨੂੰ ਧਮਕਾ ਸਕਦਾ ਹੈ ਕਿ ਤੁਸੀਂ ਜਲਾਵਤਨੀ ਯੋਧਿਆ ਤੋਂ ਕਿਸੇ ਤਰਾਂ ਦੀ ਮਾਲੀ ਸਹਾਇਤਾ ਨਾ ਲਓ। ਕੀ ਭਾਰਤੀ ਸਟੇਟ ਜਾਂ ਪੁਲਿਸ ਮਹਿਕਮਾ ਇੰਨਾਂ ਸ਼ਹੀਦ ਸਿੰਘਾਂ ਦੇ ਬੱਚਿਆਂ ਦੀਆਂ ਫ਼ੀਸਾਂ ਦੇਣਗੇ? ਕੀ ਇੰਨਾਂ ਨੂੰ ਹਰ ਮਹੀਨੇ ਕੱਪੜਾ ਜਾਂ ਰਾਸ਼ਨ ਦੇਣਗੇ? ਕੀ ਇੰਨਾਂ ਦੇ ਬਜ਼ੁਰਗਾਂ ਦੀ ਦਵਾਈ ਜਾਂ ਇਲਾਜ ਕਰਾਉਣਗੇ? ਕੀ ਇੰਨਾਂ ਸ਼ਹੀਦ ਸਿੰਘਾਂ ਦੇ ਬੱਚਿਆਂ ਦੇ ਵਿਆਹ ਕਰਣਗੇ? ਭਾਰਤੀ ਸਟੇਟ ਅਤੇ ਪੁਲਿਸ ਮੁਲਾਜ਼ਮਾਂ ਨੇ ਤਾਂ ਸਿੰਘਾਂ ਨੂੰ ਸ਼ਹੀਦ ਕਰਕੇ ਉਨਾਂ ਦੇ ਪਰਿਵਾਰਾਂ ਨੂੰ ਯਤੀਮ ਬਣਾ ਦਿੱਤਾ। ਇੰਨਾਂ ਪਰਿਵਾਰਾਂ ਦੀ ਸਾਰ ਇੰਨਾਂ ਜਲਾਵਤਨੀ ਯੋਧਿਆਂ ਨੇ ਹੀ ਲਈ। ਇਹ ਜਲਾਵਤਨੀ ਯੋਧੇ ਕਿਸੇ ਤਰਾਂ ਦਾ ਹਥਿਆਰ ਨਹੀਂ ਚੁੱਕ ਰਹੇ ਪਰ ਫਿਰ ਵੀ ਭਾਰਤੀ ਸਟੇਟ ਅਤੇ ਪੁਲਿਸ ਮਹਿਕਮੇ ਨੂੰ ਰੜਕਦੇ ਹਨ ਕਿਉਂਕਿ ਇਹ ਕਲਮ ਰਾਹੀਂ ਇੰਨਾਂ ਪਰਿਵਾਰਾਂ ਦੀ ਕਹਾਣੀ ਬਿਆਨ ਕਰ ਰਹੇ ਹਨ ਅਤੇ ਮਾਇਆ ਨਾਲ ਇੰਨਾਂ ਦੀਆ ਜ਼ਰੂਰਤਾਂ ਪੂਰੀਆਂ ਕਰ ਰਹੇ ਹਨ। ਜਦਕਿ ਭਾਰਤੀ ਸਟੇਟ ਅਤੇ ਪੁਲਿਸ ਮਹਿਕਮਾ ਤਾਂ ਇੰਨਾਂ ਪਰਿਵਾਰਾਂ ਨੂੰ ਤਾਂ ਸਿਰਫ ਤਰਸਯੋਗ ਹਾਲਤ ਵਿੱਚ ਦੇਖਣਾ ਚਾਹੁੰਦੇ ਸਨ। ਸਮਝ ਨਹੀਂ ਲੱਗਦੀ ਕਿ ਕਿਹੜੀ ਸੋਚ ਨੂੰ ਤੁਰ ਪਏ ਹਨ। ਕਿਹੜ-ਕਿਹੜੇ ਰਾਹ ਲੱਭਦੇ ਹਨ ਡਰਾਉਣ ਧਮਕਾਉਣ ਲਈ, ਬਹਾਨੇ ਲੱਭਦੇ ਹਨ ਪਰਚੇ ਦਰਜ ਕਰਣ ਲਈ, ਮੌਕਾ ਭਾਲਦੇ ਹਨ ਸ਼ਹੀਦ ਕਰਣ ਲਈ। ਸੋਸ਼ਲ ਮੀਡੀਆ ਦੇ ਇਸ ਜ਼ਮਾਨੇ ਵਿੱਚ ਜਦੋਂ ਸਾਰੇ ਦੇਸ਼ ਤਰੱਕੀ ਦੀਆਂ ਨਵੀਆਂ ਉਡਾਰੀਆਂ ਭਰ ਰਹੇ ਹਨ, ਭਾਰਤ ਸਟੇਟ ਅਤੇ ਪੁਲਿਸ ਮਹਿਕਮਾ ਸੰਘਰਸ਼ੀਆਂ ਦੇ ਪਰਿਵਾਰਾਂ ਨੂੰ ਹੀ ਬਾਰ-ਬਾਰ ਥਾਣੇ ਵਿੱਚ ਬੁਲਾ ਕੇ, ਡਰਾ ਧਮਕਾ ਕੇ ਜਾਂ ਉਨਾਂ ਨੂੰ ਅੱਤਵਾਦੀ ਘੋਸ਼ਿਤ ਕਰਕੇ ਆਪਣੀ achievement ਸਮਝ ਰਹੇ ਹਨ। ਅਸਲ ਵਿੱਚ ਦੇਸ਼ ਪੰਜਾਬ ਦੇ ਸੁਧਾਰ ਲਈ ਬਹੁਤ ਕਾਰਜ ਹਨ ਕਰਨ ਲਈ, ਜੇਕਰ ਉਨਾਂ ਵੱਲ ਧਿਆਨ ਕਰ ਲਿਆ ਜਾਵੇ ਤਾਂ ਦੇਸ਼ ਪੰਜਾਬ ਇੱਕ ਖੁਸ਼ਹਾਲ ਦੇਸ਼ ਬਣ ਸਕਦਾ ਹੈ। ਜਿਸ ਦੇ ਨਾਗਰਿਕ ਪੁਲਿਸ ਮਹਿਕਮੇ ਨੂੰ ਆਪਣੇ ਹੌਂਸਲੇ ਦਾ ਸਮਝ ਕੇ ਆਪਣੇ ਹਮਦਰਦੀ ਸਮਝਣ। ਅਸੀਂ ਪੁਲਿਸ ਮਹਿਕਮੇ ਦੇ ਹਰ ਅਫਸਰ ਨੂੰ ਇੱਥੇ ਸ਼ੱਕ ਦੀ ਨਜ਼ਰ ਨਾਲ ਨਹੀਂ ਦੇਖ ਸਕਦੇ। ਮੈਂ ਖੁਦ ਕਈ ਅਫਸਰਾਂ ਨੂੰ ਇਸ ਕਿਤਾਬ ਸਬੰਧੀ ਮਿਲੀ ਹਾਂ ਬਹੁਤ ਹੀ ਸਲੀਕੇ ਅਤੇ ਤਰੀਕੇ ਨਾਲ ਉਨਾਂ ਨੇ ਮੇਰੇ ਨਾਲ ਗੱਲਬਾਤ ਕੀਤੀ। ਪਰ ਸ਼ਹੀਦ ਸਿੰਘਾਂ ਦੇ ਪਰਿਵਾਰਾਂ ਨੇ ਮੈਨੂੰ ਦੱਸਿਆ ਕਿ ਪੁਲਿਸ ਮਹਿਕਮੇ ਦੇ ਕਈ ਅਫਸਰਾਂ ਨੇ ਉਨਾਂ ਨਾਲ ਮਾੜੀ ਬੋਲਬਾਣੀ ਵਰਤੀ ਅਤੇ ਉਨਾਂ ਨੂੰ ਡਰਾਇਆ ਧਮਕਾਇਆ ਵੀ ਅਤੇ ਅੱਗੇ ਤੋਂ ਜਲਾਵਤਨੀ ਯੋਧਿਆ ਨਾਲ ਗੱਲਬਾਤ ਕਰਨ ਤੋਂ ਵੀ ਵਰਜਿਆ ਅਤੇ ਕਿਸੇ ਤਰਾਂ ਦੀ ਮਾਲੀ ਸਹਾਇਤਾ ਲੈਣ ਤੋਂ ਵੀ ਮਨਾ ਕੀਤਾ। ਇਸ ਗੱਲ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਨੀ ਬਣਦੀ ਹੈ। ਜਲਾਵਤਨੀ ਯੋਧੇ ਜਦੋਂ ਇੰਨਾਂ ਸ਼ਹੀਦ ਸਿੰਘਾਂ ਦੇ ਪਰਿਵਾਰਾਂ ਦੀ ਮਾਲੀ ਸਹਾਇਤਾ ਕਰਨ ਜਾਂ ਇੰਨਾਂ ਨਾਲ ਗੱਲਬਾਤ ਕਰਨ ਤਾਂ ਉਨਾਂ ਨੂੰ ਭਾਰਤ ਸਟੇਟ ਅਤੇ ਪੁਲਿਸ ਮਹਿਕਮਾ ਘਾਤਕ ਸਾਬਿਤ ਕਰਨ ਤੇ ਲੱਗ ਜਾਂਦੇ ਹਨ। ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਦੀਆਂ ਕਿਤਾਬਾਂ "ਸੰਘਰਸ਼ ਦਾ ਦੌਰ" ਅਤੇ "ਸਿੱਦਕੀ ਤੇ ਸੰਘਰਸ਼ੀ" ਨੇ ਖਲਬਲੀ ਤਾਂ ਮਚਾ ਦਿੱਤੀ ਹੈ ਪਰ ਇਸ ਨਾਲ ਸ਼ਹੀਦ ਸਿੰਘਾਂ ਦੇ ਪਰਿਵਾਰਾਂ ਨਾਲ ਅੱਜ ਵੀ ਭਾਰਤ ਸਟੇਟ ਅਤੇ ਪੁਲਿਸ ਮਹਿਕਮਾ ਜੋ ਵਤੀਰਾ ਵਰਤ ਰਿਹਾ ਹੈ ਉਸਨੂੰ international level ਤੱਕ ਉਜਾਗਰ ਕਰਕੇ ਰੱਖ ਦਿੱਤਾ ਹੈ। ਬੇਸ਼ੱਕ ਇੰਨਾਂ ਕਿਤਾਬਾਂ ਵਿੱਚ ਭਾਰਤ ਦੇਸ਼ ਵਿਰੋਧੀ ਕੁਝ ਵੀ ਨਹੀਂ ਲਿਖਿਆ ਗਿਆ ਪਰ ਸ਼ਹੀਦ ਸਿੰਘਾਂ ਦਾ ਸਤਿਕਾਰ ਅਤੇ ਉਨਾਂ ਪਰਿਵਾਰਾਂ ਲਈ ਜੋ ਪਿਆਰ ਜਲਾਵਤਨੀ ਯੋਧਿਆਂ ਦੇ ਦਿਲਾਂ ਵਿੱਚ ਹੈ ਉਸ ਨਾਲ ਭਾਰਤੀ ਸਟੇਟ ਅਤੇ ਪੁਲਿਸ ਮਹਿਕਮੇ ਲਈ ਇਹ ਦੋਨੋ ਕਿਤਾਬਾਂ ਚਰਚਾ ਦਾ ਵਿਸ਼ਾ ਬਣੀਆਂ ਹੋਈਆਂ ਹਨ। ਇੱਕ ਲੇਖਕ ਹੋਣ ਦੇ ਨਾਤੇ ਇੰਨਾਂ ਪਰਿਵਾਰਾਂ ਦੀ ਤਕਲੀਫ਼ ਨੂੰ ਕਲਮਬੱਧ ਕਰਨਾ ਮੈਂ ਆਪਣਾ ਫਰਜ਼ ਸਮਝਿਆ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਇਸਤਰੀ ਵਿੰਗ ਦੀ ਜਨਰਲ ਸਕੱਤਰ ਪੰਜਾਬ ਹੋਣ ਦੇ ਨਾਤੇ ਇੰਨਾਂ ਪਰਿਵਾਰਾਂ ਉੱਤੇ ਹੋ ਰਹੇ ਅੱਜ ਦੇ ਸਮੇਂ ਵਿੱਚ ਤਸ਼ਦੱਦਾਂ ਖ਼ਿਲਾਫ਼ ਵੀ ਆਵਾਜ ਬੁਲੰਦ ਕਰਨ ਦਾ ਫੈਸਲਾ ਕੀਤਾ ਹੈ। ਸਾਡੇ ਪਾਰਟੀ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਹਰ ਸੰਘਰਸ਼ੀ ਦੇ ਪਰਿਵਾਰ ਦਾ ਦਿਲੋਂ ਸਤਿਕਾਰ ਕਰਦੇ ਹਨ ਅਤੇ ਹਮੇਸ਼ਾ ਸਾਨੂੰ ਪ੍ਰੇਰਿਤ ਕਰਦੇ ਹਨ ਕਿ ਜਿੰਨਾਂ ਨੇ ਪੰਥ ਅਤੇ ਪੰਜਾਬ ਲਈ ਆਪਾ ਵਾਰ ਦਿੱਤਾ ਹੈ ਉਨਾਂ ਦੇ ਪਰਿਵਾਰਾਂ ਨਾਲ ਚੱਟਾਨ ਵਾਂਗ ਡੱਟੇ ਰਹਿਣਾ ਹੈ। ਸ਼ਹੀਦ ਸਿੰਘਾਂ ਦੇ ਪਰਿਵਾਰ ਸਾਡੀ ਕੌਮ ਦਾ ਉਹ ਸਰਮਾਇਆ ਹਨ ਜਿੰਨਾਂ ਨੂੰ ਅਸੀਂ ਹਮੇਸ਼ਾ ਸਤਿਕਾਰ ਦਿੰਦੇ ਰਹਾਂਗੇ।

# ਬੁਰਸ਼ ਤੇ ਬੰਦੂਕ ਬਾਲ ਕਹਾਣੀ

ਵਰਲਡ ਪੰਜਾਬੀ ਟਾਈਮਜ਼
ਅਨਿਮੇਸ਼ਵਰ ਕੌਰ

ਬਹੁਤ ਸਮਾਂ ਪਹਿਲਾਂ ਦੀ ਗੱਲ ਹੈ, ਪਹਾੜਾਂ ਦੀ ਗੋਦ ਵਿੱਚ ਇੱਕ ਬਹੁਤ ਹੀ ਖੂਬਸੂਰਤ ਪਿੰਡ ਵੱਸਿਆ ਹੋਇਆ ਸੀ, ਜਿਸਦਾ ਨਾਂ ਸੀ 'ਰੰਗਪੁਰ'। ਇਸ ਪਿੰਡ ਦੀ ਖ਼ਾਸੀਅਤ ਇਹ ਸੀ ਕਿ ਇੱਥੇ ਹਰ ਮੌਸਮ ਵਿੱਚ ਵੱਖ-ਵੱਖ ਰੰਗਾਂ ਦੇ ਫੁੱਲ ਖਿੜਦੇ ਸਨ। ਪਿੰਡ ਦੇ ਵਿਚਕਾਰੋਂ ਇੱਕ ਸਾਫ਼ ਪਾਣੀ ਦੀ ਨਦੀ ਵਹਿੰਦੀ ਸੀ, ਜਿਸਦੀ ਆਵਾਜ਼ ਕਿਸੇ ਮਧੁਰ ਸੰਗੀਤ ਵਰਗੀ ਲੱਗਦੀ ਸੀ। ਪਿੰਡ ਦੇ ਲੋਕ ਬਹੁਤ ਹੀ ਸਿੱਧੇ-ਸਾਧੇ ਸਨ ਅਤੇ ਆਪਸ ਵਿੱਚ ਮਿਲ-ਜੁਲ ਕੇ ਰਹਿੰਦੇ ਸਨ।

ਇਸੇ ਪਿੰਡ ਵਿੱਚ ਦੋ ਜੌੜੇ ਭਰਾ ਰਹਿੰਦੇ ਸਨ—ਕਬੀਰ ਅਤੇ ਸਮੀਰ। ਦੋਵੇਂ ਬਾਰਾਂ ਸਾਲਾਂ ਦੇ ਸਨ। ਦੇਖਣ ਵਿੱਚ ਦੋਵੇਂ ਬਿਲਕੁਲ ਇੱਕੋ ਜਿਹੇ ਲੱਗਦੇ ਸਨ—ਉਹੀ ਘੁੰਗਰਾਲੇ ਵਾਲ, ਉਹੀ ਚਮਕਦਾਰ ਅੱਖਾਂ ਅਤੇ ਉਹੀ ਪਿਆਰੀ ਮੁਸਕਾਨ। ਪਰ ਜੇਕਰ ਕੋਈ ਉਹਨਾਂ ਦੇ ਸੁਭਾਅ ਨੂੰ ਦੇਖਦਾ, ਤਾਂ ਉਹ ਹੈਰਾਨ ਰਹਿ ਜਾਂਦਾ। ਦੋਵਾਂ ਦੇ ਸੋਚਣ ਅਤੇ ਜੀਵਨ ਨੂੰ ਦੇਖਣ ਦਾ ਤਰੀਕਾ ਬਿਲਕੁਲ ਵੱਖਰਾ ਸੀ।0

ਕਬੀਰ ਬਹੁਤ ਹੀ ਸ਼ਾਂਤ, ਨਰਮ ਦਿਲ ਅਤੇ ਸੰਵੇਦਨਸ਼ੀਲ ਲੜਕਾ ਸੀ। ਜਦੋਂ ਉਹ ਛੋਟਾ ਸੀ, ਉਸਦੇ ਪਿਤਾ ਜੀ ਨੇ ਉਸਨੂੰ ਇੱਕ ਲੱਕੜ ਦਾ ਬੁਰਸ਼ ਅਤੇ ਕੁਝ ਰੰਗ ਤੋਹਫ਼ੇ ਵਿੱਚ ਦਿੱਤੇ ਸਨ। ਉਦੋਂ ਤੋਂ ਹੀ ਉਹ ਬੁਰਸ਼ ਕਬੀਰ ਦਾ ਸਭ ਤੋਂ ਪਿਆਰਾ ਦੋਸਤ ਬਣ ਗਿਆ। ਕਬੀਰ ਨੂੰ ਕੁਦਰਤ ਨਾਲ ਬਹੁਤ ਪਿਆਰ ਸੀ। ਉਹ ਘੰਟਿਆਂ ਬੱਧੀ ਨਦੀ ਦੇ ਕਿਨਾਰੇ ਬੈਠਾ ਰਹਿੰਦਾ ਅਤੇ ਪਾਣੀ ਵਿੱਚ ਪੈਂਦੇ ਸੂਰਜ ਦੇ ਪਰਛਾਵੇਂ ਨੂੰ ਦੇਖਦਾ ਰਹਿੰਦਾ। ਉਹ ਪੰਛੀਆਂ ਦੀਆਂ ਆਵਾਜ਼ਾਂ ਸੁਣਦਾ ਅਤੇ ਫਿਰ ਆਪਣੇ ਬੁਰਸ਼ ਨਾਲ ਉਹਨਾਂ ਸਾਰੀਆਂ ਚੀਜ਼ਾਂ ਨੂੰ ਕਾਗਜ਼ 'ਤੇ ਉਤਾਰ ਦਿੰਦਾ। ਉਸਦੇ ਚਿੱਤਰਾਂ ਵਿੱਚ ਇੱਕ ਅਜਿਹੀ ਜਾਨ ਹੁੰਦੀ ਸੀ ਕਿ ਦੇਖਣ ਵਾਲੇ ਨੂੰ ਲੱਗਦਾ ਜਿਵੇਂ ਚਿੱਤਰ ਹੁਣੇ ਹੀ ਬੋਲ ਪਵੇਗਾ।

ਦੂਜੇ ਪਾਸੇ, ਸਮੀਰ ਦਾ ਸੁਭਾਅ ਬਿਲਕੁਲ ਉਲਟ ਸੀ। ਉਹ ਬਹੁਤ ਚੰਚਲ, ਜ਼ਿੱਦੀ ਅਤੇ ਥੋੜ੍ਹਾ ਗੁੱਸੇਖ਼ੋਰ ਸੀ। ਉਸਨੂੰ ਲੱਗਦਾ ਸੀ ਕਿ ਸੰਸਾਰ ਵਿੱਚ ਸਭ ਤੋਂ ਮਹੱਤਵਪੂਰਨ ਚੀਜ਼ ਹੈ 'ਤਾਕਤ'। ਇੱਕ ਵਾਰ ਸ਼ਹਿਰ ਦੇ ਮੇਲੇ ਵਿੱਚੋਂ ਉਸਨੇ ਇੱਕ ਖਿਡੌਣਾ ਬੰਦੂਕ ਖਰੀਦੀ ਸੀ। ਉਹ ਬੰਦੂਕ ਪਲਾਸਟਿਕ ਦੀ ਸੀ ਅਤੇ ਉਸ ਵਿੱਚੋਂ ਪਟਾਕੇ ਵਰਗੀ ਆਵਾਜ਼ ਨਿਕਲਦੀ ਸੀ। ਸਮੀਰ ਦਿਨ-ਰਾਤ ਉਸ ਬੰਦੂਕ ਨੂੰ ਆਪਣੇ ਹੱਥ ਵਿੱਚ ਰੱਖਦਾ। ਉਹ ਪਿੰਡ ਦੀਆਂ ਗਲੀਆਂ ਵਿੱਚ ਘੁੰਮਦਾ ਅਤੇ ਛੋਟੇ ਬੱਚਿਆਂ ਨੂੰ ਡਰਾਉਂਦਾ। ਉਹ ਕੰਧਾਂ 'ਤੇ ਨਿਸ਼ਾਨੇ ਲਗਾਉਂਦਾ ਅਤੇ ਜਦੋਂ ਕੋਈ ਪੰਛੀ ਰੁੱਖ 'ਤੇ ਬੈਠਦਾ, ਤਾਂ ਉਹ ਉਸ ਵੱਲ ਬੰਦੂਕ ਤਾਣ ਕੇ 'ਠਾਹ-ਠਾਹ' ਦੀ ਆਵਾਜ਼ ਕੱਢਦਾ। ਪੰਛੀ ਡਰ ਕੇ ਉੱਡ ਜਾਂਦੇ ਅਤੇ ਸਮੀਰ ਨੂੰ ਲੱਗਦਾ ਕਿ ਉਹ ਬਹੁਤ ਬਹਾਦਰ ਹੈ।

ਇੱਕ ਸ਼ਾਮ, ਦੋਵੇਂ ਭਰਾ ਘਰ ਦੇ ਵੇਹੜੇ ਵਿੱਚ ਬੈਠੇ ਸਨ। ਕਬੀਰ ਇੱਕ ਕਾਗਜ਼ 'ਤੇ ਸੁੱਕ ਰਹੇ ਪੱਤੇ ਦਾ ਚਿੱਤਰ ਬਣਾ ਰਿਹਾ ਸੀ। ਉਹ ਬਹੁਤ ਹੀ ਬਾਰੀਕੀ ਨਾਲ ਪੱਤੇ ਦੀਆਂ ਨਸਾਂ ਨੂੰ ਹਰੇ ਅਤੇ ਪੀਲੇ ਰੰਗ ਨਾਲ ਸਜਾ ਰਿਹਾ ਸੀ।

ਸਮੀਰ ਉੱਥੇ ਆਇਆ ਅਤੇ ਉਸਨੇ ਆਪਣੀ ਖਿਡੌਣਾ ਬੰਦੂਕ ਕਬੀਰ ਦੀ ਡਰਾਇੰਗ ਬੁੱਕ 'ਤੇ ਰੱਖ ਦਿੱਤੀ। ਉਸਨੇ ਹੱਸਦੇ ਹੋਏ ਕਿਹਾ, "ਕਬੀਰ, ਤੂੰ ਦਿਨ ਭਰ ਇਸ ਲੱਕੜੀ ਦੇ ਟੁਕੜੇ (ਬੁਰਸ਼) ਨਾਲ ਕੀ ਕਰਦਾ ਰਹਿੰਦਾ ਹੈਂ? ਇਹ ਬੁਰਸ਼ ਬਹੁਤ ਕਮਜ਼ੋਰ ਹੈ। ਇਸ ਨਾਲ ਤੂੰ ਕਿਸੇ ਨੂੰ ਡਰਾ ਨਹੀਂ ਸਕਦਾ, ਨਾ ਹੀ ਆਪਣੀ ਤਾਕਤ ਦਿਖਾ ਸਕਦਾ ਹੈਂ। ਦੇਖ ਮੇਰੀ ਬੰਦੂਕ! ਜਦੋਂ ਮੈਂ ਇਸਨੂੰ ਹੱਥ ਵਿੱਚ ਫੜਦਾ ਹਾਂ, ਤਾਂ ਸਾਰੇ ਮੇਰੇ ਤੋਂ ਡਰਦੇ ਹਨ। ਅਸਲੀ ਤਾਕਤ ਡਰਾਉਣ ਵਿੱਚ ਹੈ।"

ਕਬੀਰ ਨੇ ਬਹੁਤ ਹੀ ਪਿਆਰ ਨਾਲ ਬੰਦੂਕ ਨੂੰ ਪਾਸੇ ਰੱਖਿਆ ਅਤੇ ਸਮੀਰ ਦੀਆਂ ਅੱਖਾਂ ਵਿੱਚ ਦੇਖਦੇ ਹੋਏ ਕਿਹਾ, "ਸਮੀਰ, ਤਾਕਤ ਕਿਸੇ ਨੂੰ ਡਰਾਉਣ ਵਿੱਚ ਨਹੀਂ, ਸਗੋਂ ਕਿਸੇ ਦੇ ਚਿਹਰੇ 'ਤੇ ਮੁਸਕਾਨ ਲਿਆਉਣ ਵਿੱਚ ਹੁੰਦੀ ਹੈ। ਮੇਰਾ ਬੁਰਸ਼ ਨਫ਼ਰਤ ਨਹੀਂ ਫੈਲਾਉਂਦਾ। ਇਹ ਬੁਰਸ਼ ਟੁੱਟੇ ਹੋਏ ਦਿਲਾਂ ਨੂੰ ਜੋੜ ਸਕਦਾ ਹੈ। ਇਹ ਕੁਦਰਤ ਦੇ ਰੰਗਾਂ ਨੂੰ ਸਾਰਿਆਂ ਦੇ ਸਾਹਮਣੇ ਲਿਆਉਂਦਾ ਹੈ। ਬੰਦੂਕ ਚਾਹੇ ਖਿਡੌਣਾ ਹੋਵੇ ਜਾਂ ਅਸਲੀ, ਉਹ ਸਿਰਫ਼ ਡਰ ਪੈਦਾ ਕਰਦੀ ਹੈ, ਪਿਆਰ ਨਹੀਂ।"

ਸਮੀਰ ਨੇ ਕਬੀਰ ਦੀ ਗੱਲ ਦਾ ਮਜ਼ਾਕ ਉਡਾਇਆ। "ਤੂੰ ਬਹੁਤ ਡਰਪੋਕ ਹੈਂ ਕਬੀਰ! ਜਦੋਂ ਕੋਈ ਮੁਸੀਬਤ ਆਵੇਗੀ, ਤਾਂ ਤੇਰਾ ਇਹ ਬੁਰਸ਼ ਕੁਝ ਨਹੀਂ ਕਰ ਸਕੇਗਾ। ਉਦੋਂ ਸਿਰਫ਼ ਤਾਕਤ ਹੀ ਕੰਮ ਆਵੇਗੀ।" ਇਹ ਕਹਿ ਕੇ ਸਮੀਰ 'ਠਾਹ-ਠਾਹ' ਕਰਦਾ ਹੋਇਆ ਬਾਹਰ ਭੱਜ ਗਿਆ। ਕਬੀਰ ਨੇ ਇੱਕ ਲੰਮਾ ਸਾਹ ਲਿਆ ਅਤੇ ਦੁਬਾਰਾ ਆਪਣੇ ਚਿੱਤਰ ਵਿੱਚ ਰੰਗ ਭਰਨ ਲੱਗਾ। ਉਸਦਾ ਦਿਲ ਸੰਵੇਦਨਸ਼ੀਲ ਸੀ, ਉਹ ਚਾਹੁੰਦਾ ਸੀ ਕਿ ਉਸਦਾ ਭਰਾ ਹਿੰਸਾ ਅਤੇ ਡਰ ਦੇ ਇਸ ਰਾਹ ਨੂੰ ਛੱਡ ਕੇ ਸ਼ਾਂਤੀ ਦੇ ਰਾਹ ਨੂੰ ਸਮਝੇ।

ਦਿਨ ਬੀਤਦੇ ਗਏ। ਰੰਗਪੁਰ ਪਿੰਡ ਆਪਣੀ ਧੁਨ ਵਿੱਚ ਮਸਤ ਸੀ। ਪਰ ਇੱਕ ਦਿਨ, ਪਿੰਡ ਦੀ ਸ਼ਾਂਤੀ ਨੂੰ ਕਿਸੇ ਦੀ ਨਜ਼ਰ ਲੱਗ ਗਈ। ਪਹਾੜਾਂ ਦੇ ਪਿੱਛੇ ਰਹਿਣ ਵਾਲੇ ਕੁਝ ਬਹੁਤ ਹੀ ਬੇਰਹਿਮ ਅਤੇ ਲਾਲਚੀ ਲੋਕਾਂ ਦੇ ਇੱਕ ਟੋਲੇ ਨੇ ਰੰਗਪੁਰ 'ਤੇ ਹਮਲਾ ਕਰ ਦਿੱਤਾ। ਉਹਨਾਂ ਦੇ ਹੱਥਾਂ ਵਿੱਚ ਅਸਲੀ, ਵੱਡੀਆਂ ਅਤੇ ਕਾਲੀਆਂ ਬੰਦੂਕਾਂ ਸਨ। ਉਹਨਾਂ ਦੇ ਚਿਹਰੇ ਡਰਾਉਣੇ ਸਨ ਅਤੇ ਉਹਨਾਂ ਦੇ ਬੋਲ ਬਹੁਤ ਹੀ ਕੌੜੇ ਸਨ।

ਉਹਨਾਂ ਨੇ ਪਿੰਡ ਵਿੱਚ ਆਉਂਦੇ ਹੀ ਹਵਾ ਵਿੱਚ ਗੋਲੀਆਂ ਚਲਾਈਆਂ। ਅਸਲੀ ਬੰਦੂਕਾਂ ਦੀ ਆਵਾਜ਼ ਨਾਲ ਪੂਰਾ ਪਿੰਡ ਕੰਬ ਉੱਠਿਆ। ਪੰਛੀ ਚੀਕਦੇ ਹੋਏ ਆਕਾਸ਼ ਵੱਲ ਭੱਜੇ, ਗਾਵਾਂ ਅਤੇ ਮੱਝਾਂ ਡਰ ਕੇ ਰੰਭਣ ਲੱਗੀਆਂ। ਲੁਟੇਰਿਆਂ ਨੇ ਲੋਕਾਂ ਦੇ ਘਰਾਂ ਵਿੱਚੋਂ ਅਨਾਜ, ਸੋਨਾ ਅਤੇ ਕੀਮਤੀ ਸਾਮਾਨ ਖੋਹਣਾ ਸ਼ੁਰੂ ਕਰ ਦਿੱਤਾ। ਉਹਨਾਂ ਨੇ ਪਿੰਡ ਦੇ ਬਜ਼ੁਰਗਾਂ ਨੂੰ ਧਮਕਾਇਆ ਅਤੇ ਬੱਚਿਆਂ ਨੂੰ ਘਰਾਂ ਦੇ ਅੰਦਰ ਲੁਕਣ ਲਈ ਮਜਬੂਰ ਕਰ ਦਿੱਤਾ।

ਸਮੀਰ ਅਤੇ ਕਬੀਰ ਵੀ ਆਪਣੇ ਘਰ ਦੀ ਖਿੜਕੀ ਤੋਂ ਇਹ ਸਭ ਦੇਖ ਰਹੇ ਸਨ। ਪਿੰਡ ਦੇ ਲੋਕਾਂ ਨੂੰ ਰੋਂਦੇ ਅਤੇ ਮਿੰਨਤਾਂ ਕਰਦੇ ਦੇਖ ਕੇ ਸਮੀਰ ਦਾ ਗੁੱਸਾ ਸੱਤਵੇਂ ਅਸਮਾਨ 'ਤੇ ਪਹੁੰਚ ਗਿਆ। ਉਸਨੇ ਸੋਚਿਆ, "ਅੱਜ ਮੇਰੀ ਬਹਾਦਰੀ ਦਿਖਾਉਣ ਦਾ ਦਿਨ ਹੈ। ਮੈਂ ਇਹਨਾਂ ਸਾਰਿਆਂ ਨੂੰ ਸਬਕ ਸਿਖਾਵਾਂਗਾ।"

ਸਮੀਰ ਨੇ ਕਬੀਰ ਦੇ ਰੋਕਣ ਦੇ ਬਾਵਜੂਦ ਆਪਣੀ ਪਲਾਸਟਿਕ ਦੀ ਖਿਡੌਣਾ ਬੰਦੂਕ ਚੁੱਕੀ ਅਤੇ ਦਰਵਾਜ਼ਾ ਖੋਲ੍ਹ ਕੇ ਬਾਹਰ ਵੱਲ ਭੱਜਿਆ। ਉਹ ਲੁਟੇਰਿਆਂ ਦੇ ਸਰਦਾਰ ਦੇ ਸਾਹਮਣੇ ਜਾ ਕੇ ਖੜ੍ਹਾ ਹੋ ਗਿਆ। ਉਸਨੇ ਆਪਣੀ ਨਕਲੀ ਬੰਦੂਕ ਸਰਦਾਰ ਵੱਲ ਤਾਣੀ ਅਤੇ ਚੀਕਿਆ, "ਸਾਡੇ ਪਿੰਡ ਵਿੱਚੋਂ ਬਾਹਰ ਨਿਕਲ ਜਾਓ! ਨਹੀਂ ਤਾਂ ਮੈਂ..."

ਲੁਟੇਰਿਆਂ ਦੇ ਸਰਦਾਰ ਨੇ ਉਸ ਛੋਟੇ ਜਿਹੇ ਲੜਕੇ ਨੂੰ ਦੇਖਿਆ ਅਤੇ ਫਿਰ ਉਸਦੇ ਹੱਥ ਵਿੱਚ ਪਲਾਸਟਿਕ ਦੀ ਬੰਦੂਕ ਦੇਖੀ। ਉਹ ਜ਼ੋਰ-ਜ਼ੋਰ ਨਾਲ ਹੱਸਣ ਲੱਗਾ। ਉਸਦਾ ਹਾਸਾ ਇੰਨਾ ਭਿਆਨਕ ਸੀ ਕਿ ਸਮੀਰ ਦੇ ਪੈਰ ਕੰਬਣ ਲੱਗੇ। ਸਰਦਾਰ ਨੇ ਇੱਕ ਝਟਕੇ ਨਾਲ ਸਮੀਰ ਦੇ ਹੱਥੋਂ ਉਹ ਖਿਡੌਣਾ ਖੋਹਿਆ ਅਤੇ ਜ਼ਮੀਨ 'ਤੇ ਸੁੱਟ ਕੇ ਆਪਣੇ ਭਾਰੀ ਬੂਟ ਨਾਲ ਉਸਨੂੰ ਕੁਚਲ ਦਿੱਤਾ। ਪਲਾਸਟਿਕ ਦੀ ਬੰਦੂਕ ਦੇ ਟੁਕੜੇ-ਟੁਕੜੇ ਹੋ ਗਏ।

ਸਰਦਾਰ ਨੇ ਸਮੀਰ ਨੂੰ ਧੱਕਾ ਦਿੱਤਾ ਅਤੇ ਕਿਹਾ, "ਬੱਚੇ, ਖਿਡੌਣਿਆਂ ਨਾਲ ਖੇਡਣਾ ਬੰਦ ਕਰ। ਅਸਲੀ ਤਾਕਤ ਕੀ ਹੁੰਦੀ ਹੈ, ਇਹ ਦੇਖ!" ਉਸਨੇ ਆਪਣੀ ਅਸਲੀ ਬੰਦੂਕ ਹਵਾ ਵਿੱਚ ਲਹਿਰਾਈ। ਸਮੀਰ ਜ਼ਮੀਨ 'ਤੇ ਡਿੱਗ ਪਿਆ। ਉਸਦਾ ਸਾਰਾ ਹੰਕਾਰ, ਉਸਦਾ ਸਾਰਾ ਭਰਮ ਇੱਕ ਪਲ ਵਿੱਚ ਟੁੱਟ ਗਿਆ। ਉਸਨੂੰ ਪਹਿਲੀ ਵਾਰ ਅਹਿਸਾਸ ਹੋਇਆ ਕਿ ਬੰਦੂਕ ਅਤੇ ਹਿੰਸਾ ਕਿੰਨੀ ਭਿਆਨਕ ਅਤੇ ਨਿਰਦਈ ਹੁੰਦੀ ਹੈ। ਉਹ ਡਰ ਨਾਲ ਕੰਬ ਰਿਹਾ ਸੀ ਅਤੇ ਉਸਦੀਆਂ ਅੱਖਾਂ ਵਿੱਚੋਂ ਹੰਝੂ ਵਹਿ ਰਹੇ ਸਨ।

ਕਬੀਰ ਨੇ ਖਿੜਕੀ ਤੋਂ ਇਹ ਸਭ ਦੇਖਿਆ। ਉਸਦਾ ਦਿਲ ਆਪਣੇ ਭਰਾ ਦੀ ਹਾਲਤ ਦੇਖ ਕੇ ਦੁਖੀ ਹੋ ਗਿਆ, ਪਰ ਉਹ ਡਰਿਆ ਨਹੀਂ। ਉਸਨੂੰ ਸਮਝ ਆ ਗਿਆ ਕਿ ਲੁਟੇਰਿਆਂ ਕੋਲ ਹਥਿਆਰ ਹਨ, ਇਸ ਲਈ ਉਹਨਾਂ ਦਾ ਸਾਹਮਣਾ ਹਥਿਆਰਾਂ ਨਾਲ ਨਹੀਂ ਕੀਤਾ ਜਾ ਸਕਦਾ। ਉਹਨਾਂ ਨੂੰ ਹਰਾਉਣ ਲਈ ਕਿਸੇ ਵੱਖਰੀ, ਵੱਡੀ ਤਾਕਤ ਦੀ ਲੋੜ ਸੀ—ਬੁੱਧੀ ਅਤੇ ਕਲਾ ਦੀ ਤਾਕਤ।

ਲੁਟੇਰਿਆਂ ਨੇ ਪਿੰਡ ਦੇ ਸਾਰੇ ਲੋਕਾਂ ਨੂੰ ਪਿੰਡ ਦੇ ਮੁੱਖ ਮੈਦਾਨ ਵਿੱਚ ਇਕੱਠਾ ਕਰ ਲਿਆ ਸੀ ਅਤੇ ਉਹਨਾਂ ਨੂੰ ਅਗਲੀ ਸਵੇਰ ਤੱਕ ਸਾਰਾ ਖ਼ਜ਼ਾਨਾ ਸੌਂਪਣ ਦੀ ਚੇਤਾਵਨੀ ਦਿੱਤੀ ਸੀ। ਲੁਟੇਰੇ ਰਾਤ ਨੂੰ ਪਿੰਡ ਦੇ ਕਿਨਾਰੇ ਬਣੇ ਪੁਰਾਣੇ ਕਿਲ੍ਹੇ ਵਿੱਚ ਆਰਾਮ ਕਰਨ ਚਲੇ ਗਏ।

ਕਬੀਰ ਚੁੱਪਚਾਪ ਬਾਹਰ ਨਿਕਲਿਆ। ਉਹ ਸਮੀਰ ਨੂੰ ਸਹਾਰਾ ਦੇ ਕੇ ਘਰ ਅੰਦਰ ਲੈ ਆਇਆ। ਸਮੀਰ ਬਹੁਤ ਉਦਾਸ ਸੀ ਅਤੇ ਰੋ ਰਿਹਾ ਸੀ। ਕਬੀਰ ਨੇ ਉਸਦੇ ਹੰਝੂ ਪੂੰਝੇ ਅਤੇ ਕਿਹਾ, "ਸਮੀਰ, ਰੋਣ ਦਾ ਸਮਾਂ ਨਹੀਂ ਹੈ। ਸਾਨੂੰ ਆਪਣੇ ਪਿੰਡ ਨੂੰ ਬਚਾਉਣਾ ਹੋਵੇਗਾ।"

ਸਮੀਰ ਨੇ ਨਿਰਾਸ਼ਾ ਨਾਲ ਕਿਹਾ, "ਅਸੀਂ ਕੀ ਕਰ ਸਕਦੇ ਹਾਂ ਕਬੀਰ? ਮੇਰੀ ਬੰਦੂਕ ਟੁੱਟ ਗਈ ਹੈ। ਉਹਨਾਂ ਕੋਲ ਬਹੁਤ ਵੱਡੀਆਂ ਬੰਦੂਕਾਂ ਹਨ। ਅਸੀਂ ਬਹੁਤ ਕਮਜ਼ੋਰ ਹਾਂ।"

ਕਬੀਰ ਨੇ ਮੁਸਕਰਾਉਂਦੇ ਹੋਏ ਆਪਣਾ ਲੱਕੜ ਦਾ ਬੁਰਸ਼ ਚੁੱਕਿਆ ਅਤੇ ਕਿਹਾ, "ਸਾਡੇ9 ਕੋਲ ਇਹ ਹੈ। ਇਹ ਕਮਜ਼ੋਰ ਨਹੀਂ ਹੈ, ਸਮੀਰ। ਬੱਸ ਤੂੰ ਮੇਰਾ ਸਾਥ ਦੇ।"

ਕਬੀਰ ਨੇ ਪਿੰਡ ਦੇ ਕੁਝ ਹੋਰ ਬੱਚਿਆਂ ਅਤੇ ਨੌਜਵਾਨਾਂ ਨੂੰ ਚੁੱਪਚਾਪ ਇਕੱਠਾ ਕੀਤਾ। ਉਸਦੇ ਘਰ ਵਿੱਚ ਬਹੁਤ ਸਾਰੇ ਵੱਡੇ-ਵੱਡੇ ਚਿੱਟੇ ਕੱਪੜੇ (ਬੈਨਰ) ਅਤੇ ਬਹੁਤ ਸਾਰੇ ਰੰਗ ਸਨ। ਕਬੀਰ ਨੇ ਸਾਰਿਆਂ ਨੂੰ ਕੰਮ 'ਤੇ ਲਗਾਇਆ। ਰਾਤ ਦੇ ਹਨੇਰੇ ਵਿੱਚ, ਮਸ਼ਾਲ ਦੀ ਰੋਸ਼ਨੀ ਵਿੱਚ, ਕਬੀਰ ਨੇ ਆਪਣੇ ਬੁਰਸ਼ ਦਾ ਜਾਦੂ ਦਿਖਾਉਣਾ ਸ਼ੁਰੂ ਕੀਤਾ।

ਉਸਨੇ ਉਹਨਾਂ ਵੱਡੇ ਕੱਪੜਿਆਂ 'ਤੇ ਬਹੁਤ ਹੀ ਖੂੰਖਾਰ ਅਤੇ ਵਿਸ਼ਾਲ ਜੰਗਲੀ ਸ਼ੇਰਾਂ, ਚੀਤਿਆਂ ਅਤੇ ਭਿਆਨਕ ਭੂਤਾਂ ਵਰਗੇ ਪਰਛਾਵਿਆਂ ਦੇ ਚਿੱਤਰ ਬਣਾਏ। ਉਸਨੇ ਰੰਗਾਂ ਦਾ ਅਜਿਹਾ ਸੁਮੇਲ ਕੀਤਾ ਕਿ ਦੇਖਣ 'ਤੇ ਲੱਗਦਾ ਸੀ ਜਿਵੇਂ ਉਹ ਜਾਨਵਰ ਸੱਚਮੁੱਚ ਗੁੱਸੇ ਵਿੱਚ ਖੜ੍ਹੇ ਹੋਣ ਅਤੇ ਉਹਨਾਂ ਦੀਆਂ ਅੱਖਾਂ ਵਿੱਚੋਂ ਅੱਗ ਨਿਕਲ ਰਹੀ ਹੋਵੇ। ਕਬੀਰ ਨੇ ਚਿੱਤਰਾਂ ਦੇ ਪਿੱਛੇ ਅਜਿਹੇ ਗੂੜ੍ਹੇ ਰੰਗ ਭਰੇ ਕਿ ਉਹ ਰਾਤ ਦੇ ਹਨੇਰੇ ਵਿੱਚ ਚਮਕਣ ਲੱਗੇ। ਸਾਰੇ ਬੱਚੇ ਕਬੀਰ ਦੀ ਕਲਾ ਦੇਖ ਕੇ ਹੈਰਾਨ ਸਨ। ਸਮੀਰ ਵੀ ਆਪਣੀਆਂ ਅੱਖਾਂ ਫਾੜ ਕੇ ਦੇਖ ਰਿਹਾ ਸੀ ਕਿ ਕਿਵੇਂ ਇੱਕ ਸਾਧਾਰਨ ਬੁਰਸ਼ ਕਾਗਜ਼ ਅਤੇ ਕੱਪੜੇ 'ਤੇ ਇੱਕ ਨਵੀਂ ਦੁਨੀਆਂ ਸਿਰਜ ਰਿਹਾ ਸੀ।

ਜਦੋਂ ਰਾਤ ਦਾ ਆਖਰੀ ਪਹਿਰ ਸੀ ਅਤੇ ਹਰ ਪਾਸੇ ਘੋਰ ਹਨੇਰਾ ਸੀ, ਕਬੀਰ ਨੇ ਆਪਣੀ ਯੋਜਨਾ ਮੁਤਾਬਕ ਪਿੰਡ ਦੇ ਲੋਕਾਂ ਨੂੰ ਕਿਲ੍ਹੇ ਦੇ ਆਲੇ-ਦੁਆਲੇ ਦੀਆਂ ਪਹਾੜੀਆਂ 'ਤੇ ਤਾਇਨਾਤ ਕਰ ਦਿੱਤਾ। ਉਹਨਾਂ ਨੇ ਉਹਨਾਂ ਵੱਡੇ-ਵੱਡੇ ਚਿੱਤਰਾਂ ਨੂੰ ਪਹਾੜੀ ਦੇ ਰਸਤਿਆਂ 'ਤੇ ਟੰਗ ਦਿੱਤਾ।

ਕਬੀਰ ਦੇ ਕਹਿਣ 'ਤੇ, ਪਿੰਡ ਦੇ ਲੋਕਾਂ ਨੇ ਉਹਨਾਂ ਚਿੱਤਰਾਂ ਦੇ ਬਿਲਕੁਲ ਪਿੱਛੇ ਛੋਟੀਆਂ-ਛੋਟੀਆਂ ਮਸ਼ਾਲਾਂ ਜਗਾ ਦਿੱਤੀਆਂ। ਜਿਵੇਂ ਹੀ ਰੋਸ਼ਨੀ ਕੱਪੜੇ ਦੇ ਆਰ-ਪਾਰ ਹੋਈ, ਪਹਾੜੀ ਦੀਆਂ ਕੰਧਾਂ 'ਤੇ ਪੰਜਾਹ-ਪੰਜਾਹ ਫੁੱਟ ਉੱਚੇ ਖੂੰਖਾਰ ਸ਼ੇਰਾਂ ਅਤੇ ਰਾਖਸ਼ਾਂ ਦੇ ਪਰਛਾਵੇਂ ਹਿੱਲਦੇ ਹੋਏ ਦਿਖਾਈ ਦੇਣ ਲੱਗੇ।

ਇਸ ਦੇ ਨਾਲ ਹੀ, ਕਬੀਰ ਨੇ ਪਿੰਡ ਦੇ ਨੌਜਵਾਨਾਂ ਨੂੰ ਵੱਡੇ ਢੋਲ ਅਤੇ ਖਾਲੀ ਬਰਤਨ ਬਹੁਤ ਹੀ ਖਾਸ ਤਰੀਕੇ ਨਾਲ ਵਜਾਉਣ ਲਈ ਕਿਹਾ। ਪਹਾੜੀਆਂ ਦੇ ਵਿਚਕਾਰ ਆਵਾਜ਼ ਗੂੰਜਣ ਲੱਗੀ—ਅਜਿਹਾ ਲੱਗ ਰਿਹਾ ਸੀ ਜਿਵੇਂ ਸੈਂਕੜੇ ਸ਼ੇਰ ਇੱਕੋ ਵਾਰ ਗਰਜ ਰਹੇ ਹੋਣ ਅਤੇ ਕੋਈ ਜਾਦੂਈ ਫ਼ੌਜ ਪਿੰਡ ਦੀ ਰੱਖਿਆ ਲਈ ਉੱਤਰ ਆਈ ਹੋਵੇ।

ਕਿਲ੍ਹੇ ਵਿੱਚ ਸੁੱਤੇ ਪਏ ਲੁਟੇਰੇ ਇਸ ਭਿਆਨਕ ਆਵਾਜ਼ ਨਾਲ ਅਚਾਨਕ ਜਾਗ ਪਏ। ਜਦੋਂ ਉਹਨਾਂ ਨੇ ਖਿੜਕੀਆਂ ਅਤੇ ਦਰਵਾਜ਼ਿਆਂ ਤੋਂ ਬਾਹਰ ਦੇਖਿਆ, ਤਾਂ ਉਹਨਾਂ ਦੇ ਹੋਸ਼ ਉੱਡ ਗਏ। ਹਰ ਪਾਸੇ ਵਿਸ਼ਾਲ, ਡਰਾਉਣੇ ਪਰਛਾਵੇਂ ਹਿੱਲ ਰਹੇ ਸਨ ਅਤੇ ਸ਼ੇਰਾਂ ਦੀ ਗਰਜ ਸੁਣਾਈ ਦੇ ਰਹੀ ਸੀ। ਲੁਟੇਰਿਆਂ ਨੇ ਕਦੇ ਅਜਿਹਾ ਦ੍ਰਿਸ਼ ਨਹੀਂ ਸੀ ਦੇਖਿਆ।

ਉਹਨਾਂ ਦਾ ਸਰਦਾਰ, ਜੋ ਦਿਨ ਵੇਲੇ ਬਹੁਤ ਬਹਾਦਰ ਬਣ ਰਿਹਾ ਸੀ, ਡਰ ਨਾਲ ਕੰਬਣ ਲੱਗਾ। ਉਸਨੇ ਆਪਣੀ ਬੰਦੂਕ ਚੁੱਕੀ, ਪਰ ਉਸਦੇ ਹੱਥ ਇੰਨੇ ਕੰਬ ਰਹੇ ਸਨ ਕਿ ਬੰਦੂਕ ਹੇਠਾਂ ਡਿੱਗ ਪਈ। ਉਸਨੇ ਚੀਕ ਕੇ ਆਪਣੇ ਸਾਥੀਆਂ ਨੂੰ ਕਿਹਾ, "ਇਹ ਪਿੰਡ ਸਾਧਾਰਨ ਨਹੀਂ ਹੈ! ਇੱਥੇ ਕੋਈ ਜਾਦੂਈ ਸ਼ਕਤੀਆਂ ਰਹਿੰਦੀਆਂ ਹਨ! ਦੇਖੋ, ਉਹ ਵਿਸ਼ਾਲ ਜਾਨਵਰ ਸਾਨੂੰ ਖਾ ਜਾਣਗੇ! ਭੱਜੋ, ਆਪਣੀ ਜਾਨ ਬਚਾ ਕੇ ਭੱਜੋ!"

ਲੁਟੇਰੇ ਇੰਨੇ ਡਰ ਗਏ ਕਿ ਉਹ ਆਪਣੀਆਂ ਅਸਲੀ ਬੰਦੂਕਾਂ, ਚੋਰੀ ਕੀਤਾ ਹੋਇਆ ਸਾਮਾਨ ਅਤੇ ਅਨਾਜ ਸਭ ਕੁਝ ਉੱਥੇ ਹੀ ਛੱਡ ਕੇ ਨੰਗੇ ਪੈਰੀਂ ਪਹਾੜੀਆਂ ਵੱਲ ਭੱਜ ਗਏ। ਉਹ ਇੰਨੀ ਤੇਜ਼ੀ ਨਾਲ ਭੱਜੇ ਕਿ ਉਹਨਾਂ ਨੇ ਮੁੜ ਕੇ ਕਦੇ ਰੰਗਪੁਰ ਪਿੰਡ ਵੱਲ ਦੇਖਣ ਦੀ ਹਿੰਮਤ ਵੀ ਨਹੀਂ ਕੀਤੀ।

ਜਦੋਂ ਸੂਰਜ ਦੀਆਂ ਪਹਿਲੀਆਂ ਕਿਰਨਾਂ ਪਹਾੜਾਂ ਦੇ ਪਿੱਛੋਂ ਨਿਕਲੀਆਂ, ਤਾਂ ਪੂਰੇ ਪਿੰਡ ਵਿੱਚ ਇੱਕ ਅਜੀਬ ਜਿਹੀ ਸ਼ਾਂਤੀ ਅਤੇ ਖੁਸ਼ੀ ਸੀ। ਲੁਟੇਰੇ ਜਾ ਚੁੱਕੇ ਸਨ। ਪਿੰਡ ਦਾ ਸਾਰਾ ਸਾਮਾਨ ਸੁਰੱਖਿਅਤ ਸੀ ਅਤੇ ਸਭ ਤੋਂ ਵੱਡੀ ਗੱਲ, ਕਿਸੇ ਨੂੰ ਇੱਕ ਖਰੋਚ ਵੀ ਨਹੀਂ ਸੀ ਆਈ। ਬਿਨਾਂ ਕੋਈ ਖੂਨ ਵਹਾਏ, ਬਿਨਾਂ ਕਿਸੇ ਹਿੰਸਾ ਦੇ, ਸਿਰਫ਼ ਕਲਾ ਅਤੇ ਸਮਝਦਾਰੀ ਨਾਲ ਇੱਕ ਵੱਡੀ ਜਿੱਤ ਹਾਸਲ ਹੋਈ ਸੀ।

ਪਿੰਡ ਦੇ ਮੁਖੀ ਅਤੇ ਸਾਰੇ ਲੋਕਾਂ ਨੇ ਕਬੀਰ ਨੂੰ ਹੱਥਾਂ 'ਤੇ ਚੁੱਕ ਲਿਆ। ਹਰ ਕੋਈ ਉਸਦੇ ਜਾਦੂਈ ਬੁਰਸ਼ ਅਤੇ ਉਸਦੀ ਸੋਚ ਦੀ ਤਾਰੀਫ਼ ਕਰ ਰਿਹਾ ਸੀ। ਕਬੀਰ ਨੇ ਬਹੁਤ ਹੀ ਨਿਮਰਤਾ ਨਾਲ ਸਾਰਿਆਂ ਦਾ ਧੰਨਵਾਦ ਕੀਤਾ।

ਉਸੇ ਸਮੇਂ, ਸਮੀਰ ਭੀੜ ਵਿੱਚੋਂ ਨਿਕਲ ਕੇ ਕਬੀਰ ਦੇ ਸਾਹਮਣੇ ਆਇਆ। ਉਸਦੀਆਂ ਅੱਖਾਂ ਵਿੱਚ ਕੋਈ ਗੁੱਸਾ ਜਾਂ ਹੰਕਾਰ ਨਹੀਂ ਸੀ, ਸਗੋਂ ਪਛਤਾਵਾ ਅਤੇ ਮਾਣ ਦੇ ਹੰਝੂ ਸਨ। ਉਸਨੇ ਅੱਗੇ ਵਧ ਕੇ ਕਬੀਰ ਨੂੰ ਕੁੱਟ ਕੇ ਗਲੇ ਲਗਾ ਲਿਆ।

ਸਮੀਰ ਨੇ ਰੋਂਦੇ ਹੋਏ ਕਿਹਾ, "ਕਬੀਰ, ਮੈਨੂੰ ਮਾਫ਼ ਕਰ ਦੇ। ਮੈਂ ਬਹੁਤ ਗਲਤ ਸੀ। ਮੈਂ ਸੋਚਦਾ ਸੀ ਕਿ ਬੰਦੂਕ ਹੀ ਦੁਨੀਆਂ ਦੀ ਸਭ ਤੋਂ ਵੱਡੀ ਸ਼ਕਤੀ ਹੈ, ਪਰ ਕੱਲ੍ਹ ਰਾਤ ਮੈਂ ਦੇਖਿਆ ਕਿ ਬੰਦੂਕ ਡਰ ਦੇ ਸਾਹਮਣੇ ਕਿੰਨੀ ਬੇਅਸਰ ਹੋ ਜਾਂਦੀ ਹੈ। ਅਸਲੀ ਸ਼ਕਤੀ ਤਾਂ ਤੇਰੇ ਇਸ ਬੁਰਸ਼ ਵਿੱਚ ਹੈ, ਜਿਸਨੇ ਬਿਨਾਂ ਕਿਸੇ ਨੂੰ ਨੁਕਸਾਨ ਪਹੁੰਚਾਏ ਸਾਰਿਆਂ ਦੀ ਰੱਖਿਆ ਕੀਤੀ। ਤੇਰਾ ਬੁਰਸ਼ ਜੀਵਨ ਦਿੰਦਾ ਹੈ, ਅਤੇ ਮੇਰੀ ਬੰਦੂਕ ਸਿਰਫ਼ ਡਰ।"

ਕਬੀਰ ਨੇ ਸਮੀਰ ਦੀ ਪਿੱਠ ਥਾਪੜੀ ਅਤੇ ਉਸਦੇ ਹੱਥ ਵਿੱਚ ਆਪਣਾ ਬੁਰਸ਼ ਫੜਾਉਂਦੇ ਹੋਏ ਕਿਹਾ, "ਸਮੀਰ, ਨਫ਼ਰਤ ਨੂੰ ਕਦੇ ਨਫ਼ਰਤ ਨਾਲ ਨਹੀਂ ਮਿਟਾਇਆ ਜਾ ਸਕਦਾ। ਉਸਨੂੰ ਸਿਰਫ਼ ਪਿਆਰ ਅਤੇ ਸਿਰਜਣਾਤਮਕਤਾ (Creativity) ਨਾਲ ਹੀ ਜਿੱਤਿਆ ਜਾ ਸਕਦਾ ਹੈ। ਹੁਣ ਤੋਂ ਇਹ ਬੁਰਸ਼ ਤੇਰਾ ਵੀ ਹੈ।"

ਉਸ ਦਿਨ ਤੋਂ ਬਾਅਦ ਰੰਗਪੁਰ ਪਿੰਡ ਵਿੱਚੋਂ ਬੰਦੂਕ ਦਾ ਨਾਮੋ-ਨਿਸ਼ਾਨ ਮਿਟ ਗਿਆ। ਸਮੀਰ ਨੇ ਕਦੇ ਕੋਈ ਹਥਿਆਰ ਜਾਂ ਖਿਡੌਣਾ ਬੰਦੂਕ ਹੱਥ ਵਿੱਚ ਨਹੀਂ ਲਈ। ਉਹ ਕਬੀਰ ਦੇ ਨਾਲ ਬੈਠ ਕੇ ਨਦੀ ਕਿਨਾਰੇ ਰੰਗਾਂ ਨਾਲ ਖੇਡਣਾ ਸਿੱਖਣ ਲੱਗਾ। ਹੁਣ ਉਹ ਪੰਛੀਆਂ ਨੂੰ ਡਰਾਉਂਦਾ ਨਹੀਂ ਸੀ, ਸਗੋਂ ਉਹਨਾਂ ਦੇ ਖੂਬਸੂਰਤ ਚਿੱਤਰ ਬਣਾਉਂਦਾ ਸੀ। ਪਿੰਡ ਦੇ ਬੱਚੇ ਹੁਣ ਉਸ ਤੋਂ ਡਰਦੇ ਨਹੀਂ ਸਨ, ਸਗੋਂ ਉਸਦੇ ਦੋਸਤ ਬਣ ਗਏ ਸਨ।

ਰੰਗਪੁਰ ਪਿੰਡ ਹੋਰ ਵੀ ਰੰਗੀਨ ਹੋ ਗਿਆ ਸੀ, ਕਿਉਂਕਿ ਹੁਣ ਉੱਥੇ ਇੱਕ ਨਹੀਂ, ਬਲਕਿ ਦੋ ਕਲਾਕਾਰ ਸਨ ਜੋ ਆਪਣੇ ਬੁਰਸ਼ ਨਾਲ ਪੂਰੀ ਦੁਨੀਆਂ ਵਿੱਚ ਪਿਆਰ ਅਤੇ ਸ਼ਾਂਤੀ ਦੇ ਰੰਗ ਬਿਖੇਰ ਰਹੇ ਸਨ। ਸਿੱਖਿਆ: ਹਿੰਸਾ, ਗੁੱਸਾ ਅਤੇ ਹਥਿਆਰ ਸਿਰਫ਼ ਡਰ ਅਤੇ ਤਬਾਹੀ ਪੈਦਾ ਕਰਦੇ ਹਨ। ਅਸਲੀ ਤਾਕਤ ਸਾਡੀ ਬੁੱਧੀ, ਸੰਵੇਦਨਸ਼ੀਲਤਾ ਅਤੇ ਕਲਾ ਵਿੱਚ ਹੁੰਦੀ ਹੈ, ਜੋ ਬਿਨਾਂ ਕਿਸੇ ਨੂੰ ਦੁੱਖ ਪਹੁੰਚਾਏ ਦੁਨੀਆਂ ਨੂੰ ਬਦਲਣ ਦੀ ਸ਼ਕਤੀ ਰੱਖਦੀ ਹੈ।